੧ਓ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ

# ਸੂਰਾ

ਲੁਧਿਆਣਾ

ਅਪ੍ਰੈਲ 2001

SURA Monthly
LUDHIANA
APRIL 2001




www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1. ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12 ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ, ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ: ਇਕਬਾਲ ਸਿੰਘ ਜੀ ਖਾਲਸਾ ਸਾਲਜ ਮੋਚਪੁਰਾ ਬਜ਼ਾਰ, ਲੁਧਿਆਣਾ।
(ਹ) ਸ: ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2. ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3. ਚੰਡੀਗੜ੍ਹ, ਮੋਹਾਲੀ: ਭਾਈ ਗੁਰਚਰਨ ਸਿੰਘ ਜੀ, ਮਕਾਨ ਨੰ: 236, ਵਾਰਡ ਨੰ: 1, ਚੰਡੀਗੜ੍ਹ ਰੋਡ, ਮੁੰਡੀ ਖਰੜ।
ਖਰੜ, ਮੋਰਿੰਡਾ: ਟੈਲੀ: 01888- 46036

4. ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5 ਪਟਿਆਲਾ: 1. ਸੰਦੀਪ ਪਾਲ ਸਿੰਘ S/o ਸ: ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ 228703
2 ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ: ਦੁਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ 361415

6. ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੇਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969-ਅਜ਼ਾਦ ਨਗਰ, ਨੇੜੇ ਟਿਊਬਵੈੱਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

7 ਜਲੰਧਰ: ਸ: ਹਰਜੀਤ ਸਿੰਘ ਬੈਂਕ ਆਫ਼ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ ਫੋਨ :462065

8. ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ 47341

9. ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

10. ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

11 ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2. ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ
3. ਸ: ਮਲਕੀਅਤ ਸਿੰਘ ਮਾਰਫਤ ਸਰਦਾਰ ਕਲਾਥ ਹਾਊਸ ਪਿੰਡ ਨਨਹੇੜਾ ਡਾ: ਕੁਲਦੀਪ ਨਗਰ ਅੰਬਾਲਾ

12. ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819 ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

13. ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ :21253

14. ਸਰਹੰਦ: ਸ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

15. ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ Tel. Shop 01704-22367, Resi.24067

16. ਬਟਾਲਾ 1. ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡ ਟੈਲੀ :40506
2 ਸ: ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ।

17 ਦਿੱਲੀ 1 ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833
2 ਸ: ਨਰਿੰਦਰ ਸਿੰਘ (ਗਾਮਾ) H. No 58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office- 590097-5449276

18. ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP Tel: 01753-530624

19 ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

20 ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

21. ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

22. ਕੈਨੇਡਾ : 1. ਭਾਈ ਅੰਮ੍ਰਿਤ ਪਾਲ ਸਿੰਘ 20 Newman court, Brampton, Ontario L6S5T1 ਟੈਲੀ :905-4538219
2 ਭਾਈ ਰਿਪੁਦਮਨ ਸਿੰਘ ਮਲਿਕ, ਫੋਨ : 18006630224

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੫ ਅਪ੍ਰੈਲ ੨੦੦੧ ਅੰਕ ੪

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | |
|---|---|---|
| ਪਾ: ੮ ਜੋਤੀ ਜੋਤਿ ਸਮਾਏ | 6 | ਅਪ੍ਰੈਲ |
| ਪਾ: ੯ ਗੁਰਿਆਈ ਮਿਲੀ | 6 | ਅਪ੍ਰੈਲ |
| ਪਾ: ੯ ਅਵਤਾਰ ਧਾਰਿਆ | 12 | ਅਪਰੈਲ |
| ਪਾ: ੫ ਅਵਤਾਰ ਧਾਰਿਆ | 14 | ਅਪਰੈਲ |
| ਪਾ: ੨ ਅਵਤਾਰ ਧਾਰਿਆ | 24 | ਅਪਰੈਲ |
| ਵਿਸਾਖੀ | 13 | ਅਪਰੈਲ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ ਮੈਂਬਰ | 1400ਰ: | 4000ਰੁ: |

## ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147
email - 1. suraldh @ yahoo. com
2. gurkedaas@ yahoo.com

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-93, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ


- ਸ੍ਰੀ ਅਕਾਲ ਪੁਰਖ ਕਾ ਖਾਲਸਾ ..... ੨
- ਖਾਲਸੇ ਮਹਿ ਹੌ ਕਰਉ ਨਿਵਾਸ ..... ੩
- ਵੈਸਾਖੀ ..... ੭
- ਇਕ ਅਲੌਕਿਕ ਵੈਸਾਖੀ ..... ੧੦
- ਸਾਚੀ ਭਗਤ ਤਾ ਥੀਐ ..... ੧੨
- ਮੂਲੀਆ ਮੰਗਰੇ ਤੇ ਤੇਲਾ ..... ੧੫
- ਕਉਣ ਬਣੇਗਾ ਕਰੋੜਪਤੀ ..... ੧੬
- ਨਾਮ ਰਸ ..... ੧੯
- ਜਾਗੋ ਜਾਗੋ ਸੁਤਿਓ ..... ੨੧
- ਖਾਲਸਾ ਪਦ ਦੀ ਅਵਸਥਾ ..... ੨੫
- ਕੁੱਝ ਸਵਾਲ ਇਹ ਵੀ ..... ੨੬
- ਅੰਮ੍ਰਿਤ ਮਿਲਿਆ (ਕਵਿਤਾ) ..... ੨੭
- ਕਰਮ ਫਿਲਾਸਫ਼ੀ ..... ੨੮
- ਇਤਿਹਾਸਕ ਦਿਹਾੜੇ ..... ੩੨
- ਗੁਰਬਾਣੀ ਸੰਗੀਤ ..... ੩੪
- ਮੈਂ ਕਉਡਾਂ ਉਤੇ ਡੁੱਲ ਗਿਆ (ਕਵਿਤਾ ..... ੩੫
- ਗੁਰਮਤਿ ਸਾਂਝਾ ..... ੩੬
- ਖਬਰਨਾਮਾ ..... ੩੭
- ਆਉਣ ਵਾਲੇ ਕੀਰਤਨ ਸਮਾਗਮ ..... ੪੦
- ਅੰਮ੍ਰਿਤ ਕੀਰਤਨ ਪੋਥੀ ਦੀਆਂ ਗਲਤੀਆਂ ..... ੪੦


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਸ੍ਰੀ ਅਕਾਲ ਪੁਰਖ ਕਾ ਖਾਲਸਾ

*(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)*

ਗੁਰੂ ਦਸਮ ਪਾਤਸ਼ਾਹ ਨੇ ਵੈਸਾਖੀ ਵਾਲੇ ਦਿਨ ਖਾਲਸਾ ਪ੍ਰਗਟ ਕੀਤਾ। ਜਿਸ ਦੇ ਪ੍ਰਗਟ ਕਰਨ ਦਾ ਹੁਕਮ ਅਕਾਲ ਪੁਰਖ ਵਲੋਂ ਹੋਇਆ। ਇਹ ਖਾਲਸਾ ਅਕਾਲ ਪੁਰਖ ਦੀ ਮਉਜ ਤੋਂ ਪ੍ਰਗਟ ਹੋਇਆ ਅਤੇ ਅਕਾਲ ਪੁਰਖ ਦੀ ਅਕਾਲੀ ਫ਼ੌਜ ਕਹਾਇਆ। ਤਦੇ ਗੁਰੂ ਦਸਮ ਪਾਤਸ਼ਾਹ ਦਾ ਵਾਕ ਹੈ :-

ਖਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।

ਐਸੇ ਅਕਾਲ ਪੁਰਖ ਦੇ ਖਾਲਸੇ ਦੇ ਲਛਣ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਉਂ ਕੀਤਾ ਹੈ :-

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥੪॥੩॥

(ਸੋਰਠਿ ਕਬੀਰ ਜੀ, ਪੰਨਾ ੬੫੫)

ਇਸ ਭਾਵ ਨੂੰ ਗੁਰੂ ਦਸਮ ਪਾਤਸ਼ਾਹ ਜੀ ਨੇ ੩੩ ਸਵੱਈਆਂ ਵਿਚ ਇਉਂ ਦਸਿਆ ਹੈ :-

ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ॥

'ਪ੍ਰੇਮ ਭਗਤਿ ਜਿਹ ਜਾਨੀ' ਵਲੀ ਬਿਵਸਥਾ ਵਾਲਾ 'ਪੂਰਨ ਜੋਤਿ ਜਗੈ ਘਟ ਮੈਂ' ਦੇ ਜਗਮਗੀ ਰੰਗਾਂ ਵਾਲਾ ਹੀ ਖਾਲਸਾ ਹੈ। ਅੰਮ੍ਰਿਤ ਛਕਣ ਸਮੇਂ ਦੇ ਦ੍ਰਿੜਾਏ ਹੁਕਮਾਂ ਸਬੰਧੀ ਰਹਿਤ-ਰਹਿਣੀਆਂ ਦੇ ਕਮਾਵਣਹਾਰਾ ਹੀ ਖਾਲਸਾ ਹੈ। ਇਸ ਬਿਬੇਕ-ਕਮਾਈ ਨੂੰ ਪ੍ਰੇਮ ਨੇਮ ਸੰਜੁਕਤ ਨਿਬਾਹ ਕੇ ਨਾਮ ਰੂਪੀ ਸਾਰ-ਬਿਬੇਕ ਕਮਾਈ ਨੂੰ ਪ੍ਰੇਮ-ਭਗਤੀ ਦੇ ਰੰਗਾਂ ਵਿਚ ਸਿਰੇ ਚੜ੍ਹਾਉਣ ਵਾਲਾ ਹੀ ਖਾਲਸਾ ਹੈ। ਅਤੇ ਪੂਰਨ ਗਿਆਨ-ਕਲਾ ਵਿਚ ਖੇਡਣਹਾਰੇ ਖਾਲਸਾ ਜਨ ਹੀ ਖਾਲਸਾ ਬਿਬੇਕ ਕਮਾਈ ਦੇ ਧਨੀ ਹਨ। ਪੂਰਨ ਗਿਆਨ ਅਵਸਥਾ ਵਿਚ ਵੀ ਨਾਮ ਬਿਬੇਕ ਦੀ ਸਹਿਜ ਕਮਾਈ ਬਣੀ ਰਹਿੰਦੀ ਹੈ। ਯਥਾ ਗੁਰਵਾਕ :-

ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ...॥੧੦॥੬॥੨੩॥

(ਸਿਰੀਰਾਗੁ ਮ: ੩ ਅਸਟ, ਪੰਨਾ ੬੮)

ਤਥਾ:- ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ॥ ਕਹੁ ਨਾਨਕ ਜਪਿ ਜੀਵੇ ਗਿਆਨੀ॥੨॥੨॥੨੦॥

(ਬਿਲਾਵਲੁ ਮ: ੫, ਪੰਨਾ ੮੦੬)

ਨਾਮ-ਬਿਬੇਕ ਕਮਾਈ ਦਾ ਬਿਨਾਸ ਕਿਸੇ ਹਾਲਤ ਅੰਦਰ ਵੀ ਨਹੀਂ ਹੁੰਦਾ। ਇਸ ਰਹਿਤ-ਰਹਿਣੀ ਸੰਯੁਕਤ ਨਾਮ ਸਾਰ ਬਿਬੇਕ ਕਰਨੀ ਕਮਲ ਜਮਾਲ ਕਾ ਕਮਾਲ ਕੇਵਲ ਗੁਰੂ ਘਰ ਵਿਚ ਹੀ ਹੈ। ਬ੍ਰਹਮਾ ਦਾ ਅਵਤਾਰ ਭਿੱਖਾ ਭੱਟ ਜਦੋਂ ਸੱਚੇ ਗੁਰੂ ਸੰਤ ਦੀ ਟੋਲ ਵਿਚ ਫਿਰਦਾ ਹੋਇਆ ਗੁਰੂ ਕੀ ਸ਼ਰਣ ਆਇਆ ਤਦ ਉਸ ਨੂੰ ਪ੍ਰਤੀਤ ਆਈ। ਜੈਸਾ ਕਿ ਉਸ ਦੀ ਆਪਣੀ ਗੁਰੂ ਗਿਆਨ ਅਨਭਵੀ ਬਾਣੀ ਸਾਖਾ ਭਰਦੀ ਹੈ। ਯਥਾ :-

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿਨਾਮੁ ਛੋਡਿ ਦੂਜੈ ਲਗੇ ਤਿਨ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥੨॥੨੦॥

(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੫-੯੬)

ਏਸੇ ਗੁਰਮਤਿ ਬਿਬੇਕ ਦੇ ਆਦਰਸ਼ ਨੂੰ ਮੁਖ ਰਖਦੇ ਹੋਏ "ਗੁਰਸਿਖ ਮੀਤ ਚਲਹੁ ਗੁਰ ਚਾਲੀ"* ਵਾਲੀ ਧਾਰਨਾ ਦੇ ਰਹਿਤਵਾਨ ਬਿਬੇਕੀ ਖਾਲਸਾ ਸ੍ਰੀ ਗੁਰ ਦਰਸਾਈ ਤੇ ਦ੍ਰਿੜ੍ਹਾਈ ਰਹਿਤ ਨੂੰ ਤਨੋਂ ਮਨੋਂ ਕਮਾਉਂਦੇ ਹਨ। ਐਸੇ ਗੁਰਸਿਖਾਂ ਪ੍ਰਥਾਇ ਹੀ ਗੁਰੂ ਦਸਮ ਪਾਤਸ਼ਾਹ ਦਾ ਇਹ ਫੁਰਮਾਨ ਹੈ :-

(ਬਾਕੀ ਪੰਨਾ ੧੮ ਤੇ ...)

*ਧਨਾਸਰੀ ਮ: ੪, ॥੪॥੪॥, ਪੰਨਾ ੬੬੭



www.AKJ.Org

# ਖਾਲਸੇ ਮਹਿ ਹੌ ਕਰੌ ਨਿਵਾਸ

*(ਪ੍ਰੋਫੈਸਰ ਜੋਗਿੰਦਰ ਸਿੰਘ)*

ਖਾਲਸੇ ਦੀ ਆਤਮਕ ਤੇ ਅੰਮ੍ਰਿਤਮਈ ਜੀਵਨ-ਕ੍ਰਿਆ ਸਿਰਜਨ ਵਿਚ ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਤਕ, ਸਾਰੀ ਗੁਰੂ-ਪ੍ਰੰਪਰਾ ਦਾ ਯੋਗਦਾਨ ਹੈ, ਪਰ 'ਖਾਲਸਾ-ਸਖ਼ਸ਼ੀਅਤ' ਨੂੰ ਨਿਆਰਾ ਸਰੂਪ ਪ੍ਰਦਾਨ ਕਰ ਕੇ, ਉਸ ਦੀ ਵਿਲੱਖਣ ਹੋਂਦ ਤੇ ਹਸਤੀ ਸਥਾਪਿਤ ਕਰਨ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਚਿੱਤਰ ਤੇ ਇਤਿਹਾਸਿਕ ਦੇਣ ਹੈ। ਗੁਰੂ-ਬੋਲੀ ਵਿਚ ਜਿਸ, ਨੂੰ 'ਖਾਲਸਾ' ਆਖਿਆ ਗਿਆ ਹੈ, ਉਹ ਕੇਵਲ ਸਰੀਰ ਜਾਂ ਵਿਅਕਤੀ ਹੀ ਨਹੀਂ, ਸਗੋਂ ਅੰਦਰੋਂ ਸੱਚ-ਆਚਾਰ ਦੇ ਰੂਪ ਨਾਲ ਸ਼ਿੰਗਾਰਿਆ ਹੋਇਆ ਹੈ, ਅੰਮ੍ਰਿਤਮਈ ਸਰੂਪ ਦਾ ਸੁਆਮੀ ਹੈ, ਆਪਣੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਵਿਚ ਗੁਰੂ-ਸੰਕਲਪ ਦਾ ਵਾਰਿਸ ਹੈ ਅਤੇ ਸਤਿਗੁਰੂ ਦੀ ਪ੍ਰਤੀਨਿੱਧਤਾ ਕਰਨ ਦਾ ਅਧਿਕਾਰੀ ਵੀ ਹੈ। ਗੁਰੂ ਜਾਂ ਸਤਿਗੁਰੂ ਦੀ ਸਰੀਰਕ ਹੋਂਦ ਸੀ। 1469 ਈ: ਤੋਂ 1708 ਈ: ਤਕ ੨੩੯ ਸਾਲ ਦਸ ਗੁਰੂ-ਪਾਤਿਸ਼ਾਹ ਸ੍ਰਿਸ਼ਟੀ-ਮੰਡਲ ਵਿਚ ਸਰੀਰ ਜਾਂ ਕਾਇਆ ਰੂਪ ਵਿਚ ਹੀ ਵਿਚਰਦੇ ਰਹੇ, ਧਰਤਿ-ਲੋਕਾਈ ਨੂੰ ਸੋਧਣ ਲਈ ਸੱਚ-ਆਚਾਰ ਤੇ ਧਰਮ-ਗਿਆਨ ਦੀਆਂ ਕੀਮਤਾ ਅਤੇ ਆਦਰਸ਼ਾਂ ਨੂੰ ਉਜਾਗਰ ਕਰਦੇ ਰਹੇ, ਆਪਣੇ ਬੋਲਾ ਨੂੰ 'ਬਾਣੀ' ਰੂਪ ਵਿਚ ਸਿਰਜਦੇ ਤੇ ਸੰਭਾਲਦੇ ਰਹੇ। ਇਹ ਵੀ ਇਤਿਹਾਸਿਕ ਸੱਚ-ਤੱਥ ਹੈ, ਕਿ ਸਿੱਖ ਧਰਮ ਦੀ ਸੰਪੂਰਨਤਾ ਲਈ ਜਾਂ ਆਪਣੀ ਸਿੱਖ ਸੰਗਤ ਨੂੰ ਖਾਲਸਾ ਸਾਜਣ ਤਕ ਸਮੇਂ ਸਮੇਂ ਸਰੀਰ ਜਾਂ ਕਾਇਆ ਬਦਲਦੇ ਵੀ ਰਹੇ। ਦੱਸੇ ਗੁਰੂ ਸਾਹਿਬਾਨ ਦਾ ਇਤਿਹਾਸ ਸਾਖੀ ਹੈ, ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਗੁਰੂ ਸਰੀਰਬੱਧ ਰੂਪ ਵਿਚ ਗੁਰੂ ਜਾ ਸਤਿਗੁਰੂ ਹੋਣ ਦਾ ਇਤਿਹਾਸਿਕ ਰੋਲ ਅਦਾ ਕਰਦੇ ਰਹੇ। ਪਰ ਗੁਰੂ-ਸਤਿਗੁਰੂ-ਪ੍ਰੰਪਰਾ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਹ ਹੈ, ਕਿ ਉਨ੍ਹਾਂ ਨੇ ਸਰੀਰਬੱਧ ਹਉਂ ਵਿਚ ਜੰਮ-ਪਲ ਕੇ, ਵੱਡੇ ਹੋ ਕੇ ਵੀ ਆਪਣੀ ਹਉਂ ਜਾਂ ਮੈਂ ਦੀ ਹੋਂਦ ਨੂੰ ਨਾ ਮੰਨਿਆ ਹੈ ਅਤੇ ਨਾ ਹੀ ਸਵਾਸਾ ਦੀ ਖੇਡ ਵਿਚ ਕਿਸੇ ਪਲ ਜਤਲਾਇਆ ਹੈ। ਸਾਰੇ ਗੁਰੂ ਸਾਹਿਬਾਨ ਨੇ ਆਪਣਾ ਸਿਰਜਣਹਾਰ ਪ੍ਰਭੂ-ਨਿਰੰਕਾਰ ਨੂੰ ਸਵੀਕਾਰ ਕੀਤਾ ਹੈ। ਸਾਰੀ ਗੁਰੂ-ਪ੍ਰੰਪਰਾ ਸਵੀਕਾਰ ਕਰਦੀ ਹੈ, ਕਿ ਸਾਡੀ ਸੁਰਤਿ, ਮਤਿ, ਮਨਿ, ਬੁੱਧਿ ਤੇ ਸੁਧਿ ਵਿਚ ਪ੍ਰਭੂ-ਜੋਤਿ ਦਾ ਪ੍ਰਕਾਸ਼ ਹੈ, ਸਾਰਾ ਸ੍ਰਿਸ਼ਟ-ਮੰਡਲ ਪ੍ਰਭੂ ਹੁਕਮਾਉ ਵਿਚ ਆਪਣਾ ਕਾਰ-ਵਿਹਾਰ ਕਰ ਰਿਹਾ ਹੈ, ਜੋ ਮਨ ਜਾਂ ਮਨੁੱਖ ਚਾਹੁੰਦਾ ਹੈ, ਉਹ ਨਹੀਂ, ਜੋ ਪ੍ਰਭੂ ਜਾਂ ਕਰਤਾ ਪੁਰਖ ਚਾਹੁੰਦਾ ਹੈ, ਉਹ ਸਭ ਹੋ ਰਿਹਾ ਹੈ, ਪ੍ਰਭੂ-ਹੁਕਮ ਤੋਂ ਬਾਹਰ ਕੁਝ ਵੀ ਨਹੀਂ। ਗੁਰੂ ਸਾਹਿਬਾਨ ਚੂੰਕਿ ਪ੍ਰਭੂ ਵਲੋਂ ਹੀ ਧਰਤਿ-ਲੁਕਾਈ ਦੇ ਸੁਧਾਰ ਤੇਂ ਉਧਾਰ ਲਈ ਪਠਾਏ ਜਾਂ ਭੇਜੇ ਹੋਏ ਸਨ, ਇਸ ਲਈ ਸਾਰੇ ਗੁਰੂ ਸਾਹਿਬਾਨ ਪ੍ਰਭੂ-ਨਿਰੰਕਾਰ ਵਲੋਂ ਜੋ ਆਇਸ ਜਾ ਆਦੇਸ਼ ਲੈ ਕੇ ਆਏ ਸਨ, ਉਨ੍ਹਾਂ ਕੇਵਲ ਉਸੇ ਆਇਸ-ਹੁਕਮਾਂ, ਅੰਮ੍ਰਿਤਮਈ ਬੋਲਾਂ, ਉਪਦੇਸ਼ਾਂ, ਗੁਣਾ ਤੇ ਰਹਿਤ-ਕ੍ਰਿਆ ਨੂੰ ਪਰਜਾ ਤਕ ਪਹੁੰਚਾਇਆ, ਕੇਵਲ ਪਹੁੰਚਾਇਆ ਹੀ ਨਹੀਂ, ਸਗੋਂ ਆਪਣੇ ਆਪ ਨੂੰ ਪ੍ਰਭੂ-ਨਿਰੰਕਾਰ ਨਾਲ ਇਕਸੁਰ ਤੇ ਇਕਰੂਪ ਕਰ ਕੇ, ਪ੍ਰਭੂ ਵਰਗਾ ਸਚਿਆਰ, ਕਰਤਾਰੀ, ਪੁਰਖ, ਨਿਰਭਉ, ਨਿਰਵੈਰ ਤੇ ਪ੍ਰਸਾਦਿ ਗੁਣਾ ਦਾ ਮਾਲਕ ਬਣ ਕੇ, ਮਾਨਵ-ਜਾਤਿ ਨੂੰ ਪ੍ਰੇਰਨਾ ਕੀਤੀ ਹੈ, ਕਿ ਜੇ ਸੁਖ, ਸਹਿਜ, ਆਨੰਦ ਤੇ ਖਾਲਸਾ ਜੀਵਨ ਸਿਰਜਨਾ ਤੇ ਮਾਣਨਾ ਚਾਹੁੰਦੇ ਹੋ, ਤਾ ਪ੍ਰਭੂ-ਨਿਰੰਕਾਰ ਨੂੰ ਹੀ ਸਮਰਪਿਤ ਹੋਵੋ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਦਾ ਹਰ ਬੋਲ ਪ੍ਰਭੂ-ਨਿਰੰਕਾਰ ਦਾ ਬੋਲ ਹੈ, ਪ੍ਰਭੂ-ਨਿਰੰਕਾਰ ਦੀ ਸਿਫ਼ਤ ਸਾਲਾਹ ਹੈ, ਪ੍ਰਭੂ-ਸੱਚ-ਆਚਾਰ ਦਾ ਪ੍ਰਕਾਸ਼ ਹੈ, ਪ੍ਰਭੂ ਦੀ ਅੰਮ੍ਰਿਤਮਈ ਕਥਾ ਦਾ ਇਤਿਹਾਸ ਹੈ, ਪ੍ਰਭੂ ਦੀ ਅਧਿਆਤਮਿਕ ਰਹਿਤ ਦਾ ਆਦੇਸ਼ ਹੈ। ਭਾਰਤੀ ਧਰਮ-ਪ੍ਰੰਪਰਾ ਦੇ ਇਤਿਹਾਸ ਵਿਚ ਗੁਰੂ-ਪ੍ਰੰਪਰਾ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਹੀ ਹੈ, ਕਿ ਗੁਰੂ ਸਾਹਿਬਾਨ ਨੇ 1708 ਈ: ਵਿਚ ਆਪਣਾ ਸਰੀਰਬੱਧ ਆਪਾ ਸਮਾਪਤ ਕਰ ਕੇ, ਸੰਪੂਰਨ ਰੂਪ ਵਿਚ ਤੇ ਸਦਾ ਵਾਸਤੇ ਆਪਣੀ ਗੁਰੂ-ਹੋਂਦ ਨੂੰ ਆਪਣੇ ਗੁਰੂ-ਬੋਲ-ਬਾਣੀ ਰਾਹੀਂ ਮੂਰਤੀਮਾਨ ਕਰ ਦਿੱਤਾ ਹੈ। ਬੋਲ-ਬਾਣੀ ਸਦੀਵੀ ਹੈ, ਸਰੀਰ ਸਥਿਰ ਨਹੀਂ। ਇਹੀ ਕਾਰਨ ਹੈ, ਕਿ ਦੱਸਾ ਪਾਤਿਸ਼ਾਹੀਆਂ ਦੀ ਜੋਤਿ ਤੇ ਜੁਗਤਿ, ਬੋਲ ਤੇ ਬਾਣੀ, ਅਨੁਭਵ ਤੇ ਪ੍ਰਕਾਸ਼ ਸਦਾ ਹੀ ਜੁਗੋ ਜੁਗ ਅਟੱਲ ਹੈ, ਸਦਾ ਅਮਰ ਹੈ।



www.AKJ.Org

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਕੁਝ ਦਿਨ ਪਹਿਾਂ ਗੁਰੂ-ਜੋਤਿ ਨੂੰ ਬਾਣੀ-ਗ੍ਰੰਥ ਵਿਚ ਟਿਕਾ ਕੇ, ਜਿਥੇ ਗੁਰੂ ਦਾ ਕਾਇਆ ਰੂਪ ਸਦਾ ਸਦਾ ਵਾਸਤੇ ਸਮਾਪਤ ਕਰ ਦਿੱਤਾ, ਉਥੇ ਬਾਣੀ-ਗ੍ਰੰਥ ਨੂੰ ਪਹਿਲਾਂ ਆਪ ਮੱਥਾ ਟੇਕ ਕੇ, ਫਿਰ ਸਾਰੇ ਸਿੱਖਾਂ ਨੂੰ ਇਹ ਹੁਕਮ ਸੁਣਾ ਕੇ "ਗੁਰੂ ਮਾਨਿਉ ਗ੍ਰੰਥ" ਇਹ ਐਲਾਨ ਕਰ ਦਿੱਤਾ, ਕਿ ਸਿੱਖ ਧਰਮ ਵਿਚ 'ਗੁਰੂ-ਪੱਦਵੀ' ਕੇਵਲ ਉਸ ਬਾਣੀ-ਗ੍ਰੰਥ' ਦੀ ਹੈ, ਜਿਸ ਵਿਚ 36 ਅਨੁਭਵੀ ਮਹਾ ਪੁਰਸ਼ਾਂ ਦੇ ਉਹ ਸਾਰੇ ਬਾਣੀ-ਬੋਲ ਪ੍ਰਕਾਸ਼ਮਾਨ ਹਨ, ਜਿਹੜੇ ਮੂਰਤੀਮਾਨ ਤਾਂ ਗੁਰੂ-ਹਿਰਦੇ ਰਾਹੀਂ ਹੋਏ ਹਨ, ਪਰ ਹੋਏ ਹਨ ਪ੍ਰਭੂ-ਹੁਕਮਾਉ ਵਿਚ। ਗੁਰੂ-ਪੱਦਵੀ-ਮਿਲਣ ਪਿਛੋਂ ਹੀ ਬਾਣੀ-ਗ੍ਰੰਥ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਰੂਪ ਪ੍ਰਾਪਤ ਹੋ ਗਿਆ। ਇਹੀ ਕਾਰ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਪਿਛੋਂ ਗੁਰੂ-ਪ੍ਰੰਪਰਾ ਦੀ ਆਤਮਕ, ਸਮਾਜਿਕ, ਸਭਿਆਚਾਰਕ ਤੇ ਰਾਜਸੀ ਪ੍ਰਤੀਨਿੱਧਤਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਸਾਡੇ ਗੁਰੂ ਹੀ ਨਹੀਂ, ਸਗੋਂ ਸਾਰਾ ਸਿੱਖ ਪੰਥ ਵੀ ਗੁਰੂ ਦੀ ਤਾਬਿਆ ਵਿਚ ਹੀ ਰਹਿੰਦਾ ਅਤੇ ਜੀਉਂਦਾ ਹੈ। ਜਿਸ ਨੇ ਗੁਰੂ ਦੇ ਦਰਸ਼ਨ ਕਰਨੇ ਹਨ, ਗੁਰੂ ਦੀ ਸੰਗਤ ਕਰਨੀ ਹੈ, ਗੁਰੂ ਦੀ ਸਿਫ਼ਤ-ਸਾਲਾਹ ਕਰਨੀ ਹੈ, ਗੁਰੂ ਦੇ ਸਿਖਿਆ-ਉਪਦੇਸ਼ ਲੈਣੇ ਹਨ, ਗੁਰੂ ਦੀ ਵਡਿਆਈ ਕਰਨੀ ਹੈ, ਗੁਰੂ ਦੀਆਂ ਅਸੀਸਾ ਤੇ ਖੁਸ਼ੀਆਂ ਮਾਨਣੀਆਂ ਹਨ, ਉਹ ਸਿੱਧਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਬਾਣੀ ਨਾਲ ਆਪਣਾ ਰਿਸ਼ਤਾ ਜੋੜੇ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ-ਪੱਦਵੀ ਪ੍ਰਦਾਨ ਕਰਨ ਦੀ ਇਤਿਹਾਸਕ ਕ੍ਰਿਆ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟਾਈ ਹੈ, ਪਰ 'ਸ਼ਬਦ-ਬਾਣੀ' ਨੂੰ 'ਗੁਰੂ' ਕਹਿਣ ਦੀ ਸਿਧਾਂਤਿਕ ਪ੍ਰੰਪਰਾ ਆਪ ਗੁਰੂ ਨਾਨਕ ਦੇਵ ਜੀ ਨੇ ਸਥਾਪਿਤ ਕੀਤੀ ਸੀ। ਜਦੋਂ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਸੀ, ਕਿ ਤੁਹਾਡਾ 'ਗੁਰੂ' ਕੌਣ ਹੈ, ਤਾਂ ਗੁਰੂ ਨਾਨਕ ਦੇਵ ਜੀ ਦਾ ਸਪਸ਼ਟ ਜਵਾਬ ਸੀ, ਕਿ 'ਸ਼ਬਦ' ਹੀ ਮੇਰਾ 'ਗੁਰੂ' ਹੈ :

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥

.....................................................

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਰਾਮਕਲੀ ਮ: ੧, ੯੪੨)

ਐਸਾ ਹੀ ਪ੍ਰਸ਼ਨ ਗੁਰ-ਸਿੱਖਾਂ ਨੇ ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਨੂੰ ਕਿਸੇ ਵਕਤ ਕੀਤਾ ਹੋਵੇਗਾ, ਤਾਂ ਉਨ੍ਹਾਂ ਵੀ ਗੁਰੂ ਨਾਨਕ ਦੇਵ ਜੀ ਦੀ ਸੋਚ ਅਨੁਸਾਰ ਵੀ ਜਵਾਬ ਦਿੱਤਾ ਸੀ, ਕਿ 'ਬਾਣੀ' ਹੀ ਸਾਡਾ 'ਗੁਰੂ' ਹੈ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਨਟ, ਮਹਲਾ ੪ ਪੰਨਾ ੯੮੨)

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੇ ਪੁਛਿਆ, ਕਿ ਤੁਹਾਡਾ 'ਗੁਰੂ' ਕੌਣ ਹੈ, ਤਾਂ ਉਨ੍ਹਾਂ ਦਾ ਜਵਾਬ ਵੀ ਗੁਰੂ-ਪ੍ਰੰਪਰਾ ਵਾਲਾ ਹੀ ਸੀ, ਕਿ ਮੇਰਾ 'ਗੁਰੂ' 'ਗਿਆਨ' ਹੈ, ਉਹ 'ਗਿਆਨ-ਪ੍ਰਕਾਸ਼' ਜਿਹੜਾ ਸ਼ੁੱਧ ਰੂਪ ਸ਼ਬਦ-ਬਾਣੀ ਵਿਚ ਮੂਰਤੀਮਾਨ ਹੈ। ਸ਼ਬਦ-ਬਾਣੀ ਤੇ ਗਿਆਨ-ਪੱਦਾਂ ਵਿਚ ਅੰਤਰ ਕੇਵਲ ਬੋਲੀ ਦਾ ਹੈ, ਪਰ ਇਹਨਾਂ ਸ਼ਬਦ–ਪੱਦਾ ਦੀ ਆਤਮਕ ਭਾਵਨਾ, ਜੀਵਨ-ਕ੍ਰਿਆ, ਸੋਚ-ਚਿੰਤਨ, ਅਨੁਭਵ ਪ੍ਰਕਾਸ਼, ਆਦਰਸ਼ ਤੇ ਉਦੇਸ਼ ਇਕੋ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਬਾਣੀ, ਸਾਰਾ ਸ਼ਬਦ-ਭੰਡਾਰ, ਸਾਰਾ ਗਿਆਨ-ਪ੍ਰਕਾਸ਼ ਵੀ ਹੈ ਅਤੇ ਗੁਰੂ ਹਿਰਦੇ ਦਾ ਸਤਿ ਪ੍ਰਕਾਸ਼ ਵੀ ਹੈ। ਜਿਵੇਂ ਗੁਰੂ ਜਾਂ ਗੁਰੂ-ਪ੍ਰੰਪਰਾ ਰੂਪ-ਰੰਗ, ਜਾਤ-ਪਾਤ, ਵਰਨ-ਧਰਮ, ਰੇਖ-ਭੇਖ, ਬੋਲੀ ਸ਼ੈਲੀ ਦੇ ਵੰਡ-ਵਿਤਕਰਿਆ ਨੂੰ ਸਵੀਕਾਰ ਨਹੀਂ ਕਰਦੀ, ਇਸੇ ਤਰ੍ਹਾ ਗੁਰੂ-ਸ਼ਬਦ ਜਾਂ ਗੁਰੂ-ਬਾਣੀ ਵੀ ਕਿਸੇ ਵੰਡ ਜਾਂ ਵਿਤਕਰੇ ਨੂੰ ਸਵੀਕਾਰ ਨਹੀਂ ਕਰਦੀ। 'ਸਭੇ ਸਾਂਝੀਵਾਲ ਸਦਾਇਨ' ਤੇ 'ਮਾਨਸ ਕੀ ਜਾਤ ਸਬੈ ਇਕੋ ਪਹਿਚਾਨਬੋ' ਦੀ ਬਿਰਤੀ ਪ੍ਰਚੰਡ ਰੂਪ ਵਿਚ ਗੁਰੂ ਪ੍ਰੰਪਰਾ ਦੀ ਬਿਰਤੀ ਹੈ। ਦਸਾਂ ਗੁਰੂ ਦੀ ਜੋਤ ਤੇ ਜੁਗਤਿ ਚੂੰਕਿ ਇਕ ਹੈ, ਇਕੋ ਜਿਹੀ ਹੈ, ਇਕਸੁਰ ਤੇ ਇਕਸਾਰ ਹੈ। ਨਾ ਗੁਰੂ ਪ੍ਰੰਪਰਾ ਵਿਚ ਵੰਡ ਤੇ ਵਿਤਕਰਾ ਹੈ ਤੇ ਨਾ ਹੀ ਕਿਸੇ ਬਾਣੀ ਵਿਚ ਕਿਸੇ ਵੰਡ ਜਾਂ ਵਿਤਕਰੇ ਨੂੰ ਲਿਆਦਾ ਜਾ ਸਕਦਾ ਹੈ। ਬਾਣੀ ਸ਼ੁਧ ਅਤੇ ਸੰਪੂਰਨ ਰੂਪ ਵਿਚ 'ਗੁਰੂ' ਹੈ, ਤੇ 'ਗੁਰੂ' ਦਾ ਸੰਪੂਰਨ ਨਿਵਾਸ ਬਾਣੀ



www.AKJ.Org

ਵਿਚ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ–ਪੱਦਵੀ ਪ੍ਰਦਾਨ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਰਹੱਸ ਸਾਰੇ ਸਿੱਖ ਪੰਥ ਨੂੰ ਸਮਝਾ ਦਿੱਤਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਰਚਨਾ ਭਾਵੇਂ ਗੁਰੂ ਸਾਹਿਬਾਨ ਦੀ ਹੈ, ਭਗਤਾਂ ਜਾਂ ਭੱਟਾਂ ਦੀ ਹੈ, ਰਬਾਬੀ ਸੱਤਾ, ਬਲਵੰਡ ਤੇ ਮਰਦਾਨਾ ਦੀ ਹੈ ਜਾਂ ਸੁੰਦਰ ਸਿੱਖ ਦੀ ਹੈ, ਸਾਰੀ ਰਚਨਾ 'ਸ਼ਬਦ' ਵੀ ਹੈ ਤੇ ਬਾਣੀ ਵੀ ਹੈ। ਚੂੰਕਿ ਸ਼ਬਦ-ਬਾਣੀ ਦਾ ਪ੍ਰਕਾਸ਼ ਅੰਮ੍ਰਿਤਮਈ ਗੁਰੂ ਹਿਰਦਿਆ ਰਾਹੀਂ ਹੋਇਆ ਹੈ, ਇਸ ਲਈ ਸ਼ਬਦ ਵੀ ਅੰਮ੍ਰਿਤ, ਹੈ ਅਤੇ 'ਬਾਣੀ' ਵੀ ਅੰਮ੍ਰਿਤ ਹੈ। ਸ਼ਬਦ ਜਾਂ ਬਾਣੀ ਵਿਚ ਮੌਤ ਤੇ ਮੈਲ ਦੀ ਕੋਈ ਥਾਂ ਨਹੀਂ। ਜਿਸ ਪ੍ਰਭੂ ਜਾਂ ਧੁਰ ਵਲੋਂ ਗੁਰੂ ਸਾਹਿਬਾਨ ਨੂੰ ਇਹ ਬਾਣੀ ਪ੍ਰਾਪਤ ਹੋਈ ਹੈ, ਉਹ ਵੀ 'ਸੈਭੰ' ਹੈ ਤੇ ਸਦਾ ਹੈ, ਉਸ ਦੀ ਹੋਂਦ-ਹੱਸਤੀ ਆਪਣੇ ਆਪ ਵਿਚ ਹੈ, ਉਸ ਨੂੰ ਜਨਮ ਦੇਣ ਵਾਲਾ ਜਾਂ ਸਥਾਪਿਤ ਕਰਨ ਵਾਲਾ ਵੀ ਕੋਈ ਨਹੀਂ ਹੈ, ਇਸੇ ਲਈ ਉਹ ਅਕਾਲ ਹੈ, ਕਾਲ ਦੀ ਸੀਮਾ ਵਿਚ ਨਹੀਂ, ਮਰਦਾ ਨਹੀਂ ਤੇ ਨਾ ਹੀ ਮੈਲਾ ਹੁੰਦਾ ਹੈ। ਉਹ ਸਦਾ ਸਤਿ ਹੈ ਤੇ ਨਵਾਂ ਨਿਰੋਆ ਹੈ, ਪੁਰਾਣਾ ਨਹੀਂ ਹੁੰਦਾ। ਜਿਸ ਦਾ ਸਰੂਪ ਸਤਿ ਵਾਲਾ ਹੈ, ਕਰਤਾਰੀ ਹੈ, ਵੈਰ-ਮੁਕਤ, ਭੈ-ਮੁਕਤ, ਅਕਾਲ ਤੇ ਪਤਿ ਵਾਲਾ ਹੈ, ਉਹ ਆਪ ਵੀ ਅੰਮ੍ਰਿਤਮਈ ਹੈ ਤੇ ਇਹ ਜੀਵਨ ਸਿਰਜਣ ਦਾ ਸਰੋਤ ਵੀ ਹੈ। ਇਹੀ ਕਾਰਣ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਰ ਬੋਲ, ਹਰ ਵਾਕ, ਹਰ ਸ਼ਬਦ ਇਹ ਜੀਵਨ ਸਿਰਜਣ ਦੀ ਪ੍ਰੇਰਨਾ ਦਿੰਦਾ ਹੈ। ਜੇ ਕਿਧਰੇ ਕੂੜ, ਦ੍ਵੈਤ, ਹਉਮੈਂ, ਕੌੜਾ ਬੋਲ ਤੇ ਮੈਲ-ਬਿਰਤੀਆਂ ਦਾ ਵਿਰੋਧ ਹੈ, ਤਾਂ ਉਹ ਵੀ ਬੜ੍ਹੀ ਮਿੱਠੀ ਤੇ ਅੰਮ੍ਰਿਤਮਈ ਬੋਲੀ ਵਿਚ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਰੋਧੀ ਸੁਰ ਵੀ ਇੰਨੀ ਲਿਖੇ ਦਾਤਮਿਕ ਨਹੀਂ, ਜਿੰਨੀ ਸਾਕਾਰਾਤਮਿਕ ਤੇ ਸਿਰਜਨਾਤਮਿਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਜਾਤੀ ਤੇ ਜਮਾਤੀ ਪੱਧਰ ਉਤੇ ਇਕ ਐਸੀ ਧਰਮੀ, ਸੰਪੂਰਨ ਤੇ ਪਤਿ ਵਾਲੀ ਸ਼ਖਸੀਅਤ ਸਿਰਜਦੀ ਹੈ, ਜਿਸ ਨੂੰ ਖਾਲਸਾ, ਗੁਰਮੁਖ ਤੇ ਅੰਮ੍ਰਿਤਮਈ ਆਖਿਆ ਜਾ ਸਕਦਾ ਹੈ।

ਖਾਲਸੇ ਦਾ ਸਪਸ਼ਟ ਅਰਥ ਭਾਵ ਇਹ ਹੈ, ਜਿਹੜਾ ਅੰਦਰੋਂ-ਬਾਹਰੋਂ ਸ਼ੁਧ ਹੈ, ਜਿਸ ਵਿਚ ਗਿਰਾਵਟ ਤੇ ਗੁਲਾਮੀ ਦਾ ਡਰ ਬਿਲਕੁਲ ਨਹੀਂ, ਜਿਹੜਾ ਆਪਣੇ ਆਪ ਨੂੰ ਅਧਿਆਤਮਿਕ ਤੇ ਆਦਰਸ਼ਕ ਸਵੀਕਾਰ ਕਰਦਾ ਹੈ। ਖਾਲਸਾ ਉਹੀ ਹੈ ਜਿਸਨੇ ਆਪਣਾ ਤਨ, ਮਨ ਤੇ ਧਨ ਗੁਰੂ ਨੂੰ ਸਮਰਪਿਤ ਕੀਤਾ ਹੋਇਆ ਹੈ। ਜਿਹੜਾ ਮੈਂ-ਹਉਂ ਤੋਂ ਮੁਕਤ ਤੇ ਸੁਤੰਤਰ ਹੋ ਗਿਆ ਹੈ, ਉਹੀ ਗੁਰੂ–ਦਰਬਾਰ ਵਿਚ ਖਾਲਸਾ ਹੈ। ਗੁਰੂ ਨਾਨਕ ਦੇਵ ਜੀ ਤ ਲੈਕੇ ਗੁਰੂ ਤੇਗ ਬਹਾਦਰ ਜੀ ਤੱਕ ਸਾਰੀ ਪ੍ਰੰਪਰਾ ਆਪਣੇ ਸਿੱਖਾਂ ਨੂੰ ਖਾਲਸ ਸਿਰਜਦੀ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਿੱਖਾਂ ਨੂੰ ਹੀ ਪਹਿਲੀ ਵਾਰੀ ਅੰਮ੍ਰਿਤ ਦੀ ਦਾਤ ਪ੍ਰਦਾਨ ਕਰਕੇ ਜਾਂ ਛਕਾ ਕੇ ਖਾਲਸਾ ਸਜਾਇਆ ਸੀ। ਖਾਲਸਾ ਸ਼ਖਸੀਅਤ ਨੂੰ ਅਧਿਆਤਮਿਕ ਅਰਥਾਂ ਵਿਚ ਗੁਰਮੁੱਖ ਵੀ ਆਖਿਆ ਜਾ ਸਕਦਾ ਹੈ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਵਾਸਤੇ ਵੀ 'ਗੁਰਮੁਖਿ' ਪਦ ਦੀ ਵਰਤੋਂ ਕੀਤੀ ਹੈ। ਗੁਰਮੁਖਿ ਦੀ ਸਪਸ਼ਟ ਅਰਥ ਭਾਵ ਹੈ, ਉਹ 'ਮੁਖਿ' ਜਿਹੜਾ ਬਿਲਕੁਲ 'ਗੁਰੂ' ਵਰਗਾ ਹੈ। ਮਨੁੱਖ ਸ਼ਖਸੀਅਤ ਦੇ ਚੰਗੇ ਜਾਂ ਭੈੜੇ ਹੋਣ ਦੀ ਪਹਿਚਾਣ 'ਮੁਖਿ' ਤੋਂ ਹੀ ਕੀਤੀ ਜਾਂਦੀ ਹੈ। ਜੇ ਮਨੁੱਖ ਦਾ ਮੁਖਿ ਕਰੂਪ ਹੈ, ਵਿਕਾਰੀ ਹੈ, ਮਾਇਆ ਪਕੜ ਵਾਲਾ ਹੈ, ਸੰਸਾਰੀ ਬੰਧਨਾਂ ਵਿਚ ਜਕੜਿਆ ਹੋਇਆ ਹੈ, ਕਪਟੀ ਤੇ ਪਾਪੀ ਹੈ, ਧਰਮ ਕ੍ਰਿਆ ਤੋਂ ਹੀਣਾ ਹੈ, ਨਾ ਸਹਿਜ ਹੈ, ਨਾ ਅਡੋਲ ਹੈ ਅਤੇ ਨਾ ਹੀ ਪਤਿ ਹੈ, ਅਜਿਹੇ ਮਨੁੱਖ ਨੂੰ 'ਗੁਰਮੁਖਿ' ਕੌਣ ਕਹਿ ਸਕਦਾ ਹੈ। ਗੁਰਮੁਖਿ ਬਨਣ ਲਈ ਤਾਂ ਗੁਰੂ ਵਰਗਾ ਮੁਖਿ ਸਿਰਜਨਾ ਅਤਿ ਲਾਜ਼ਮੀ ਹੈ। ਮੁਖਿ ਦੇ ਪਹਿਲੇ ਦਰਸ਼ਨ ਦੀਦਾਰ ਤੋਂ ਹੀ ਜੀਵਨ-ਚਰਿੱਤਰ ਉਜਾਗਰ ਹੋਣ ਲਗ ਪੈਂਦਾ ਹੈ। ਜੇ ਮੁਖਿ ਵਿਚ ਹਰਿ ਹੈ, ਗੁਰੂ-ਸਿਮਰਤੀ ਹੈ, ਸੋਚ ਤੇ ਬੋਲ ਅੰਮ੍ਰਿਤਮਈ ਹੈ, ਜੀਵਨ–ਕ੍ਰਿਆ ਵੈਰ ਤੇ ਡਰ ਤੋਂ ਮੁਕਤ ਹੈ, ਚਿਤ ਵਿਚ ਧਰਮ-ਦੋਖੀਆਂ ਪ੍ਰਤੀ ਯੁੱਧ ਦਾ ਚਾਅ ਹੈ, ਪਤਿ ਸੇਤੀ ਜਿਊਣ ਦਾ ਮਾਣ ਹੈ, ਤਾਂ ਸਮਝੋ ਐਸੀ ਸ਼ਖਸੀਅਤ, ਐਸਾ ਮਨੁੱਖ ਗੁਰਮੁਖਿ ਹੈ। ਜਿਵੇਂ ਗੁਰੂ ਦਾ ਮੁਖਿ ਸਦਾ ਉੱਜਲ ਰਹਿੰਦਾ ਹੈ, ਇਸੇ ਤਰ੍ਹਾਂ ਗੁਰਮੁਖਿ ਦਾ ਮੁਖਿ ਵੀ ਸਦਾ ਉਜਲਾ ਹੁੰਦਾ ਹੈ। ਉੱਜਲ ਜਾਂ ਖਾਲਸਾ ਮੁਖਿ ਵਾਲਾ ਸਿੱਖ ਹੀ ਗੁਰੂ ਕੋਲੋਂ ਅੰਮ੍ਰਿਤ ਛੱਕ ਕੇ, 'ਖਾਲਸਾ' ਸਜ ਸਕਦਾ ਹੈ। ਖਾਲਸਾ ਪੰਥ ਵਿਚ ਜਿੰਨ੍ਹਾਂ ਨੂੰ 'ਪੰਜ ਪਿਆਰੇ' ਹੋਣ



www.AKJ.Org

ਦਾ ਪਹਿਲੀ ਵਾਰੀ ਮਾਣ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ਿਆ. ਉਹ ਪੰਜੇ ਉਜਲ ਦੀਦਾਰ ਤੇ ਗੁਰੂ-ਮੁਖਿ ਵਾਲੇ ਖਾਲਸ ਤੇ ਸਮਰਪਿਤ ਸਿੱਖ ਹੀ ਸਨ। ਜੇ ਗੁਰੂ ਗੋਬਿੰਦ ਸਿੰਘ ਜੀ ਨੇ 'ਸੀਸ' ਮੰਗਿਆ ਤਾਂ 'ਸੀਸ' ਹਾਜ਼ਰ ਕਰ ਦਿੱਤਾ. ਜੇ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਇਆ, ਤਾਂ ਪੰਜਾਂ ਨੇ ਅੰਮ੍ਰਿਤ ਛਕ ਲਿਆ। ਗੁਰੂ ਗੋਬਿੰਦ ਸਿੰਘ ਜੀ ਦੀ ਸਾਬੀ ਬਚਿੱਤਰ ਕ੍ਰਿਆ ਵਿਚ ਪੂਰਨ ਪ੍ਰਤੀਤੀ ਪ੍ਰਗਟਾਈ। ਜੇ ਗੁਰੂ ਗੁਰੂ ਗੋਬਿੰਦ ਜੀ ਨੇ ਅੰਮ੍ਰਿਤ ਛਕਾ ਕੇ, ਖਾਲਸਾ ਸਜਾ ਕੇ, ਪੰਜਾਂ ਪਿਆਰਿਆਂ ਕੋਲ 'ਮੈਨੂੰ ਵੀ ਅੰਮ੍ਰਿਤ ਛਕਾਉ' ਦੀ ਇਛਾ ਪ੍ਰਗਟਾਈ ਤਾਂ ਪੰਜਾਂ ਪਿਆਰਿਆਂ ਨੇ ਗੁਰੂ-ਵਿਧੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੂੰ ਅੰਮ੍ਰਿਤ ਛਕਾ ਕੇ, ਉੱਜਲ ਦੀਦਾਰ, ਖਾਲਸ ਤੇ ਸਮਰਪਿਤ ਮੁਖਿ ਵਾਲੇ ਗੁਰੂ ਨੂੰ ਖਾਲਸਾ ਸਜਾ ਦਿੱਤਾ। 'ਖਾਲਸਾ' ਸੱਜਣ ਵੇਲੇ ਨਾ ਸਿੱਖਾਂ ਨੇ ਕੋਈ ਕਿੰਤੂ-ਪ੍ਰੰਤੂ ਕੀਤਾ ਅਤੇ ਨਾ ਹੀ ਗੁਰੂ ਗੋਬਿੰਦ ਸਿੰਘ ਜੀ ਨੇ। ਇਹੀ ਕਾਰਨ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਭਾਵੇਂ ਖਾਲਸੇ ਦੇ ਸਿਰਜਨਹਾਰ ਹਨ, ਪਰ ਉਨ੍ਹਾਂ ਨੇ ਖਾਲਸੇ ਨੂੰ ਆਪਣਾ 'ਗੁਰੂ-ਸਤਿਗੁਰੂ' ਸਮਰਪਿਤ ਕਰ ਕੇ ਤੇ ਆਪਣੇ ਆਪ ਨੂੰ 'ਖਾਲਸਾ' ਸਜਾ ਕੇ ਇਹ ਸਪਸ਼ਟ ਕਰ ਦਿੱਤਾ, ਕਿ ਗੁਰੂ ਤੇ ਖਾਲਸੇ ਵਿਚ ਕੋਈ ਅੰਤਰ-ਭੇਦ ਨਹੀਂ। ਗੁਰੂ ਵਿਚ ਖਾਲਸਾ ਸਜਾਣ ਦੀ ਸਮਰੱਥਾ ਹੈ। ਖਾਲਸੇ ਵਿਚ ਵੀ ਗੁਰੂ ਸਮਰੱਥਾ ਦਾ ਨਿਵਾਸ ਹੈ। ਗੁਰੂ ਤੇ ਖਾਲਸਾ ਇਕ ਹਨ, ਇਕਸੁਰ ਹਨ, ਇਕ ਰੂਪ ਹਨ। ਦੋਹਾਂ ਵਿਚ ਮੁਖ ਸਾਂਝ 'ਅੰਮ੍ਰਿਤ' ਤੇ ਅੰਮ੍ਰਿਤਮਈ ਜੀਵਨ-ਕ੍ਰਿਆ ਦੀ ਹੈ।

ਵੈਸਾਖੀ ੧੬੯੯ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਵਚਿੱਤਰ ਢੰਗ ਨਾਲ 'ਖਾਲਸੇ' ਦੀ ਸਿਰਜਨਾ ਕੀਤੀ, ਉਸ ਵਚਿੱਤਰ ਢੰਗ ਦਾ ਹਰ ਕਰਮ ਤੇ ਕਾਰਜ ਨਵਾਂ ਹੀ ਨਹੀਂ ਸੀ, ਸਗੋਂ ਸਿੱਖ ਨੂੰ ਆਤਮਕ, ਸਮਾਜਿਕ, ਸਭਿਆਚਾਰਕ ਸਦਾਚਾਰਕ ਤੇ ਰਾਜਨੀਤਕ ਪੱਧਰ ਉਤੇ ਸੰਪੂਰਨਤਾ ਪ੍ਰਦਾਨ ਕਰਨ ਵਾਲਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਨੂੰ ਅੰਮ੍ਰਿਤ ਤੇ ਮਰਯਾਦਾ ਨਾਲ ਇਕਸੁਰ ਕਰਕੇ, ਅੰਦਰੋਂ-ਬਾਹਰੋਂ ਸੰਪੂਰਨ ਕਰਕੇ, ਕੇਵਲ 'ਖਾਲਸਾ' ਦੀ ਸਿਰਜਨਾ ਹੀ ਨਾ ਕੀਤੀ, ਸਗੋਂ ਖਾਲਸਾ ਦੀ ਵਿਸ਼ੇਸ਼ਤਾ ਪ੍ਰਗਟ ਤੇ ਨਿਸਚਿਤ ਕਰਨ ਲਈ ਆਪਣੇ ਆਪ ਨੂੰ ਖਾਲਸੇ ਦੀ ਸਮੁੱਚੀ ਪ੍ਰਤਿੱਭਾ ਤੇ ਕਮਾਈ ਨਾਲ ਇਕਸੁਰ ਤੇ ਇਕ ਰੂਪ ਵੀ ਕਰ ਲਿਆ। 'ਖਾਲਸਾ' ਦੀ ਪ੍ਰਸੰਸਾ ਵਿਚ ਆਖੇ ਅਤੇ ਖਾਲਸੇ ਦੀ ਪ੍ਰਸੰਸਾ ਵਿਚ ਪ੍ਰਸਿੱਧ ਹੋਏ ਸਾਰੇ ਵਾਕ ਗੁਰੂ ਗੋਬਿੰਦ ਸਿੰਘ ਜੀ ਦੀ ਅੰਤਰ-ਭਾਵਨਾ ਨੂੰ ਮੂਰਤੀਵਾਨ ਕਰਦੇ ਹਨ। ਖਾਲਸੇ ਦੀ ਸਿਰਜਨਾ ਇਤਿਹਾਸਕ ਪ੍ਰਸੰਗ ਵਿਚ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੀ 'ਖਾਲਸਾ' ਦੇ ਪ੍ਰਗਟ ਹੋਣ ਨੂੰ ਪ੍ਰਮਾਤਮ ਦੀ ਮੌਜ ਨਾਲ ਜੋੜ ਕੇ, ਉਸ ਨੂੰ ਅਕਾਲ ਪੁਰਖ ਦੀ ਫ਼ੌਜ ਕਹਿ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਆਤਮਕ ਮਹੱਤਤਾ ਉਜਾਗਰ ਕਰਨ ਲਈ ਖਾਲਸੇ ਦਾ ਸਿਰਜਣਹਾਰ ਪ੍ਰਮਾਤਮਾ ਜਾਂ ਅਕਾਲ ਪੁਰਖ ਨੂੰ ਨਿਸਚਿਤ ਕਰ ਦਿੱਤਾ ਹੈ। ਜਿਵੇਂ ਅਕਾਲ ਪੁਰਖ ਦਾ ਰੂਪ ਇਸਤ੍ਰੀਤਵ ਵਾਲਾ ਨਹੀਂ, ਸਾਬਤ ਮਰਦਾਨਾ ਵਾਲਾ ਹੈ, ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ 'ਸਾਬਤ ਮਰਦਾਨਾ' ਦੀ ਵਿਸ਼ੇਸ਼ਤਾ ਪ੍ਰਦਾਨ ਕਰ ਕੇ, ਇਸ ਦੀ ਰਚਨਾ ਦਾ ਰਹੱਸ 'ਸਹਿਜੇ' ਆਤਮਕ ਮੰਡਲ ਮਿਥ ਦਿੱਤਾ ਹੈ। ਭਾਈ ਗੁਰਦਾਸ ਸਿੰਘ ਤੇ ਰਹਿਤਨਾਮੇ ਕਰਤਿਆਂ ਦਾ ਸਿਧਾਂਤਕ ਵਿਸ਼ਵਾਸ ਇਕੋ ਜਿਹਾ ਹੀ ਹੈ, ਅਰਥਾਤ ਖਾਲਸੇ ਦੀ ਆਤਮਕ ਪ੍ਰਤਿੱਭਾ ਦਾ ਜਨਮਦਾਤਾ ਅਕਾਲ ਪੁਰਖ ਹੈ। ਇਸੇ ਕਰ ਕੇ ਜੋ ਰੂਪ-ਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਬਖਸ਼ਿਆ ਹੈ, ਉਹ ਸੰਪੂਰਨ ਰੂਪ ਅਕਾਲ ਪੁਰਖ ਜਾਂ ਪ੍ਰਮਾਤਮਾ ਵਾਲਾ ਹੀ ਹੈ। ਖਾਲਸੇ ਦਾ ਰੂਪ, ਜਾਤਿ, ਸੋਚ, ਆਚਾਰ, ਵਿਹਾਰ, ਮੰਡਲ ਅਕਾਲ ਪੁਰਖ ਵਰਗਾ ਹੀ ਹੋਣਾ ਚਾਹੀਦਾ ਹੈ। ਚੂੰਕਿ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਆਪ ਨੂੰ ਪ੍ਰਮੇਸਰ ਦਾ ਸੁਤਿ, ਪ੍ਰਮੇਸਰ ਦੀ ਸਿਫ਼ਤ ਸਲਾਹ ਕਰਨ ਵਾਲਾ ਤੇ ਪ੍ਰਮੇਸਰ ਦਾ ਹਰ ਆਦੇਸ਼ ਮੰਨਣ ਵਾਲਾ ਸਵੀਕਾਰ ਕਰਦੇ ਹਨ, ਇਸ ਲਈ ਉਹਨਾਂ ਨੇ ਖਾਲਸੇ ਦੀ ਸਮਾਜਕ, ਸਭਿਆਚਾਰਕ, ਸਦਾਚਾਰਕ ਤੇ ਰਾਜਨੀਤਕ ਹੱਸਤੀ ਸਥਾਪਿਤ ਕਰਨ ਲਈ ਆਪਣਾ ਸੰਪੂਰਨ 'ਆਪਾ' ਖਾਲਸੇ ਵਿਚ ਵਿਲੀਨ ਕਰ ਲਿਆਂ। ਖਾਲਸੇ ਦੀ ਮਹਾਨਤਾ ਤੇ ਵਿਸ਼ੇਸ਼ਤਾ ਪ੍ਰਗਟ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਖਾਲਸੇ ਨੂੰ ਆਪਣਾ ਸੰਪੂਰਨ 'ਆਪਾ' ਖਾਲਸੇ ਵਿਚ ਵਿਲੀਨ ਕਰ ਲਿਆ ਹੈ, ਉਥੇ ਇਹ ਕਹਿ ਕੇ 'ਖਾਲਸੇ ਦਾ ਰੂਪ ਮੇਰਾ ਖਾਸ ਰੂਪ ਹੈ, ਖਾਲਸੇ ਦੀ ਜਾਤਿ

(ਬਾਕੀ ਪੰਨਾ ੧੧ ਤੇ ...)



www.AKJ.Org

# ਵੈਸਾਖੀ

*(ਬੀਬੀ ਸੁਸ਼ੀਲ ਕੌਰ ਲੁਧਿਆਣਾ)*

ਬਸੰਤੀ ਰੁਤ ਨੇ ਆਪਣੀ ਸੁੰਦਰਤਾ ਦਾ ਖਲਾਰਾ ਪਾ ਕੇ "ਬਲਿਹਾਰੀ ਕੁਦਰਤ ਵੱਸਿਆ" ਦੀ ਅਸਲੀਅਤ ਦਰਸਾਉਣ ਦਾ ਇਰਾਦਾ ਬਣਾਇਆ ਹੋਇਆ ਸੀ। ਪਹਾੜਾਂ ਦੇ ਪੈਰਾਂ ਵਿਚ ਸਜੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉਤੇ ਪਹਾੜੀ ਅਤੇ ਮੈਦਾਨੀ ਸੁੰਦਰਤਾ ਦਾ ਸੁਮੇਲ ਹੋ ਰਿਹਾ ਸੀ। ਮੈਦਾਨੀ ਇਲਾਕੇ ਵਿਚ ਦਰਖਤਾਂ ਦੀ ਹਰਿਆਲੀ ਨੂੰ ਆਖਰ ਆਈ ਹੋਈ ਸੀ ਅਤੇ ਪਹਾੜਾਂ ਉੱਤੇ ਬੂਟਿਆਂ ਤੇ ਝਾੜੀਆ ਦੀਆਂ ਕਰੂੰਬਲਾਂ ਵਿੱਚੋਂ ਨਿਕਲ ਰਹੇ ਹਰੇ-ਕਚੋਹ ਅਤੇ ਲਾਲੀ ਦੀ ਭਾਅ ਮਾਰਨ ਵਾਲੇ ਪਤਿਆਂ ਅਤੇ ਫੁਲਾਂ ਦੇ ਅਲਗ ਰੰਗਾਂ ਦਾ ਪਸਾਰਾ ਇਸ ਤਰ੍ਹਾਂ ਪਸਰਿਆ ਹੋਇਆ ਸੀ, ਜਿਵੇਂ ਪਹਾੜਾਂ ਨੇ ਹੋਲੀ ਖੇਲੀ ਹੋਈ ਹੋਵੇ। ਕੁਦਰਤ ਵਿਚ ਰੰਗਾਂ ਦੀ ਖੇਲੀ ਹੋਈ ਹੋਲੀ ਨੂੰ ਦੇਖ ਕੇ ਗੁਰੂ-ਪ੍ਰੇਮ ਨਾਲ ਨਿਰਮਲ ਹੋਏ ਮਨਾਂ ਵਾਲੀਆਂ ਸੰਗਤਾਂ ਦੇ ਮਨ ਵੀ ਰੰਗੀਜਦੇ ਪਏ ਸੀ।

ਇਹੋ ਜਿਹੀ ਰੰਗੀਨ ਰੁਤੇ, ਵੈਸਾਖੀ ਮਨਾਉਣ ਲਈ ਬੇਸ਼ੁਮਾਰ ਸੰਗਤਾਂ ਅਨੰਦਪੁਰ ਸਾਹਿਬ ਵਿਖੇ ਗੁਰੂ-ਦਰਸ਼ਨਾ ਨਾਲ ਸੀਨਾ ਠਾਰਨ ਲਈ ਇੱਕਠੀਆਂ ਹੋਈਆਂ। ਇਲਾਹੀ ਖਿੱਚਾਂ ਨਾਲ ਖਿੱਚਣ ਵਾਲੇ ਚੋਜ਼ੀ ਪ੍ਰੀਤਮ ਦੀਆ ਪ੍ਰੇਮ-ਖਿੱਚਾ ਸੰਗਤਾਂ ਨੂੰ ਗੁਰੂ ਜੀ ਦੇ ਦਰਸ਼ਨ ਦਿਦਾਰਿਆ ਲਈ ਬਿਹਬਲ ਕਰ ਰਹੀਆਂ ਸੀ।

ਉਦੋਂ ਕੇਸਗੜ੍ਹ ਸਾਹਿਬ ਗੁਰਦੁਆਰੇ ਵੀ ਚਿਟੀ-ਦੁਧ ਸੰਗਮਰਮਰ ਦੀ, ਮਨ-ਮੋਹਣੀਆਂ ਪਰ ਬਨਾਵਟੀ ਰੋਸ਼ਨੀਆਂ ਨਾਲ ਸਜੀ ਹੋਈ ਇਮਾਰਤ ਨਹੀਂ ਸੀ ਹੁੰਦੀ ਕਹਿੰਦੇ ਨੇ, ਸਤਿਗੁਰਾਂ ਨੇ ਇਕ ਤੰਬੂ ਲਗਾਇਆ ਹੋਇਆ ਸੀ ਜਿਸ ਦੀਆਂ ਇਲਾਹ ਰੋਸ਼ਨੀਆਂ ਵਿਚ ਖਾਲਸੇ ਦਾ ਜਨਮ ਹੋਇਆ। ਰੱਬੀ ਨੂਰ ਦੇ ਰਸੀਲੇ, ਮਿਠੇ ਅਤੇ ਤੇਜ-ਪ੍ਰਤਾਪ ਦੇ ਰੰਗਾ ਵਿਚ ਭਿੱਜੇ ਹੋਏ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੰਬੂ ਵਿਚੋਂ ਨਿਕਲੇ ਅਤੇ ਹੱਥ ਵਿਚ ਫੜੀ ਨੰਗੀ ਸਿਰੀ ਸਾਹਿਬ ਨੂੰ ਉਲਾਰ ਕੇ ਹਵਾ ਵਿਚ ਲਹਿਰਾਉਂਦੇ ਹੋਏ ਸੰਗਤਾ ਨੂੰ ਸੰਬੋਧਨ ਕਰਕੇ ਗਰਜਦੀ ਅਵਾਜ਼ ਵਿਚ ਇਕ ਸਿਰ ਦੀ ਮੰਗ ਕਰਨ ਲਗੇ। ਗੁਰੂ ਜੀ ਵਲੋਂ ਅਜਿਹੀ ਮੰਗ ਸੁਣ ਕੇ ਭਰੇ ਦੀਵਾਨ ਵਿਚ ਸਨਾਟਾ ਛਾ ਗਿਆ। ਸਭ ਹੱਕੇ ਬੱਕੇ ਰਹਿ ਗਏ। ਤਦ ਭਾਈ ਦਇਆ ਸਿੰਘ ਜੀ ਨੇ ਗੁਰੂ ਜੀ ਦੇ ਹੁਕਮ ਤੋਂ ਵਾਰਨੇ ਬਲਿਹਾਰਨੇ ਜਾਣ ਦੀ ਪਹਿਲ ਕਰ ਲਈ। ਗੁਰੂ-ਪ੍ਰੇਮ ਦੇ ਆਸਰੇ ਅਗੰਮ-ਅਗੋਚਰ ਵਾਹਿਗੁਰੂ ਦੇ ਅਸਲੀ ਠਿਕਾਨਿਆ ਦਾ ਥਹੁ ਪਤਾ ਰਖਣ ਵਾਲੇ ਗੁਰਮੁਖ ਜੀਉੜੇ ਨੇ ਨਿਵ ਨਿਵ ਨਮਸਕਾਰ ਕਰਦਿਆਂ ਸਤਿਗੁਰਾਂ ਦੀ ਤਲਵਾਰ ਅਗੇ ਆਪਣਾ ਸੀਸ ਹਾਜਰ ਕੀਤਾ। ਰੱਬੀ-ਜੀਵਨ ਦੀ ਦਾਤ ਦੇਣ ਵਾਲੇ ਸੱਚੇ ਪਾਤਿਸ਼ਾਹ ਉਸ ਨੂੰ ਤੰਬੂ ਵਿਚ ਲੈ ਗਏ ਅਤੇ ਥੋੜੇ ਦੇਰ ਪਿਛੋਂ ਲਹੂ-ਭਿੱਜੀ ਨੰਗੀ ਤਲਵਾਰ ਉਲਾਰਦਿਆਂ ਉਨ੍ਹਾ ਦੀਵਾਨ ਵਿਚ ਆ ਕੇ ਫਿਰ ਪਹਿਲਾਂ ਵਾਂਗ ਹੀ ਕਿਸੇ ਸਿਰ ਦੀ ਮੰਗ ਕੀਤੀ। ਲੋਕੀਂ ਲਹੂ-ਭਿੱਜੀ ਤਲਵਾਰ ਦੇਖ ਕੇ ਹੋਰ ਹੈਰਾਨ ਹੋਏ। ਪਰ ਭਾਈ ਧਰਮ ਸਿੰਘ ਜੀ ਨੂੰ ਹੁਕਮ ਮਨਾਉਣ ਦੀਆਂ ਲਾਲੀਆਂ ਚੜ੍ਹ ਗਈਆਂ। ਉਹ ਸੀਸ ਨਵਾਉਂਦੇ ਹੋਏ ਗੁਰੂ ਜੀ ਅਗੇ ਖੜ ਗਏ ਤੇ ਗੁਰੂ ਜੀ ਪਹਿਲਾਂ ਵਾਂਗ ਹੀ ਉਸ ਨੂੰ ਤੰਬੂ ਵਿਚ ਲੈ ਗਏ। ਜਦੋਂ ਤੀਜੀ ਵਾਰੀ ਗੁਰੂ ਜੀ ਆਪਣੀ ਮੰਗ ਦੁਹਰਾਈ ਤਾਂ ਭਾਈ ਹਿੰਮਤ ਸਿੰਘ ਜੀ ਨੇ ਗੁਰੂ ਜੀ ਦੇ ਦਰ ਉਤੇ ਕਬੂਲ ਹੋਣ ਦੀ ਦਲੇਰੀ ਕੀਤੀ। ਚੌਥੀ ਵਾਰੀ ਗੁਰੂ ਜੀ ਦੀਵਾਨ ਵਿਚ ਆ ਕੇ ਸਿਰ ਮੰਗਣ ਲਗੇ ਤਾ ਭਾਈ ਮੋਹਕਮ ਸਿੰਘ ਜੀ ਨੇ ਉਸ ਤੰਬੂ ਵਿਚ ਜਾ ਕੇ ਆਪਣਾ ਸੀਸ ਧੜ ਤੋਂ ਅਲੱਗ ਕਰਵਾਉਣ ਲਈ ਮੋਹ-ਮਾਇਆ ਦੇ ਜਾਲ ਦੀ ਜਕੜ ਵਿਚੋਂ ਨਿਕਲ ਕੇ ਗੁਰੂ ਜੀ ਦੇ ਅਟੱਲ ਹੁਕਮਾਂ ਨੂੰ ਮੰਨਣ ਵਿਚ ਹੀ ਸੱਚਾ ਅਨੰਦ ਸਮਝਿਆ। ਅਖੀਰ ਵਿਚ ਭਾਈ ਸਾਹਿਬ ਸਿੰਘ ਜੀ ਨੇ ਗੁਰੂ ਜੀ ਦੇ ਹੁਕਮਾ ਉਤੇ ਪੂਰਨ ਵਿਸ਼ਵਾਸ ਕਰਕੇ ਦੀਨ-ਦੁਨੀਆ ਦੇ ਮਾਲਿਕ ਤੋਂ ਇਲਾਹੀ ਬਖਸ਼ਿਸ਼ਾਂ ਦੇ ਭੰਡਾਰ ਪ੍ਰਾਪਤ ਕਰ ਲਏ।

ਕੌਣ ਜਾਣੇ ? ਉਸ ਵੇਲੇ ਪੰਜਾ ਪਿਆਰਿਆਂ ਦੇ ਦਿਲਾ ਵਿਚ ਚੋਜੀ ਪ੍ਰੀਤਮ ਦਾ ਪ੍ਰੇਮ-ਹੜ ਕਿਵੇਂ ਠਾਠਾ ਮਾਰ ਰਿਹਾ ਹੋਵੇਗਾ। ਘਨਘੋਰ ਘਟਾਵਾਂ ਗੁਰੂ-ਦਰਸ਼ਨ ਰੂਪੀ ਸੁਆਂਤ ਬੂੰਦਾਂ ਬਣ ਕੇ ਵਰ੍ਹੀਆ ਹੋਣਗੀਆ ਤੇ



www.AKJ.Org

ਪੰਜਾ ਪਿਆਰਿਆਂ ਨੇ ਰੋਮ-ਰੋਮ ਰਾਹੀਂ ਇਹਨਾਂ ਅੰਮ੍ਰਿਤ-ਬੂੰਦਾਂ ਦਾ ਰਸ ਚਖਿਆ ਹੋਵੇਗਾ। ਉਹ ਕਿਹੜੀ ਪ੍ਰੇਮ-ਘੂਕੀ ਹੋਏਗੀ ? ਜਿਸ ਨੇ ਉਨ੍ਹਾਂ ਨੂੰ ਮੋਹ-ਮਾਇਆ ਦੀ ਦੁਨੀਆਂ ਵਲੋਂ ਘੂਕ ਸੁਲਾ ਦਿਤਾ ਹੋਏਗਾ। ਤੇ ਉਹ ਜ਼ਿੰਦਗੀ ਦੇ ਬੰਧਨਾਂ ਤੋਂ ਪਿਛਾ ਛੁਡਾਕੇ ਗੁਰੂ ਜੀ ਦੇ ਪਿਛੇ ਪਿਛੇ ਉਸ ਇਲਾਹੀ ਤੰਬੂ ਵਲ ਤੁਰ ਪਏ ਹੋਣਗੇ, ਜਿਥੇ ਉਨ੍ਹਾ ਨੇ ਆਪਣੇ ਸੀਸ ਨੂੰ ਸਰੀਰ ਤੋਂ ਅਲਗ ਕਰਵਾ ਕੇ ਗੁਰੂ ਜੀ ਦੀ ਖੁਸ਼ੀ ਵਿਹਾਜਣੀ ਸੀ।

ਉਨ੍ਹ ਪੰਜਾਂ ਪਿਆਰਿਆਂ ਦੀਆਂ ਸੁਰਤੀਆਂ ਬਿਰਤੀਆਂ ਦੀਆ ਉਚਿਆਈਆਂ ਜਾਨਣ ਲਈ ਤੁਸੀਂ ਭਾਵੇਂ ਜਿੰਨਾ ਮਰਜ਼ੀ ਆਪਣੇ ਦਿਲ ਦਿਮਾਗ ਦੀਆਂ ਕੁੰਦਰਾਂ ਫਰੋਲ ਲਵੋ, ਉਹਨਾਂ ਉਚਿਆਈਆ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਿਲ ਹੈ। ਉਸ ਦ੍ਰਿੜ ਵਿਸ਼ਵਾਸ ਅਤੇ ਇਲਾਹੀ ਪ੍ਰੇਮ-ਲੋਰ ਦੀ ਅਵਸਥਾ ਬਾਰੇ ਜਾਨਣਾ ਵੀ ਬੜਾ ਹੀ ਕਠਿਨ ਹੈ ਜਿਸ ਅਵਸਥਾ ਵਿਚ ਉਨ੍ਹਾਂ ਪਿਆਰਿਆ ਨੇ ਸੀਸ ਭੇਟ ਕੀਤਾ।

ਅਜ ਅਸੀਂ ਦੇਖਦੇ ਹਾ ਕਿ ਅੰਮ੍ਰਿਤ ਛਕਣ ਵੇਲੇ ਸੀਸ ਭੇਟ ਕਰਨ ਦੀ ਗਲ ਹਰ ਕੋਈ ਕਰਦਾ ਹੈ। ਕਈ ਐਸੇ ਵੀ ਹੁੰਦੇ ਹਨ ਜਿਹੜੇ ਸੀਸ ਭੇਟ ਕਰਨ ਦੇ ਅਰਥਾਂ ਨੂੰ ਜਾਨਣ ਦੀ ਖੇਚਲ ਹੀ ਨਹੀਂ ਕਰਦੇ। ਪਰ ਕਈਆ ਦੇ ਦਿਲਾਂ ਵਿਚ ਸੀਸ ਭੇਟ ਕਰਨ ਦੀ ਲਾਲਸਾ ਪੈਦਾ ਹੋ ਜਾਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬਾਪ ਮੰਨਣ ਨਾਲ, ਪਿਆਰੇ ਪਿਤਾ ਦੀਆਂ ਪਾਈਆਂ ਹੋਈਆਂ ਲੀਹਾ ਉਤੇ ਚਲਣ ਲਈ ਸੱਧਰਾ ਜਾਗ ਪੈਂਦੀਆ ਹਨ।

ਬਾਪ ਦੇ ਜੀਵਨ ਦੀ ਲਾਗ ਉਹਨਾਂ ਦੇ ਜੀਵਨ ਵਿਚ ਵੀ ਲਗ ਜਾਂਦੀ ਹੈ। ਜਿਵੇਂ ਦੁੱਧ ਨੂੰ ਜਰਾ ਜਿੰਨਾ ਦਹੀਂ ਦਾ ਜਾਗ ਲਗਾਉਣ ਨਾਲ ਉਹ ਦਹੀਂ ਦਾ ਰੂਪ ਧਾਰ ਲੈਂਦਾ ਹੈ ਤੇ ਫਿਰ ਰਿੜਕਣ ਨਾਲ ਮੱਖਣ ਬਣ ਜਾਂਦਾ ਹੈ। ਇਸੇ ਤਰ੍ਹਾਂ ਹੀ ਅੰਮ੍ਰਿਤ ਛਕਣ ਵੇਲੇ ਸਰਬੰਸ ਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਜਾ ਪਿਆਰਿਆਂ ਦੀਆਂ ਉਚੀਆ ਸੁੱਚੀਆ ਕਮਾਈਆਂ ਰਾਹੀਂ ਆਪਣੀ ਇਲਾਹੀ ਸ਼ਖਸੀਅਤ ਦਾ ਅੰਮ੍ਰਿਤ ਬੂੰਦਾਂ ਰਾਹੀਂ ਗੁਰਸਿਖਾਂ ਦੇ ਅੰਦਰ ਦਾਖਲ ਕਰ ਦਿੰਦਾ ਹੈ। ਅੰਮ੍ਰਿਤ ਪਾਨ ਕਰਨ ਵਾਲਿਆਂ ਦੀਆਂ ਰਗਾ ਵਿਚ ਵਹਿੰਦੇ ਖੂਨ ਵਿਚੋਂ ਸੰਤ-ਪੁਰਸ਼ਾਂ ਵਾਲੀ ਦਇਆ ਧਰਮ ਦੀ ਮਹਿਕ ਅਤੇ ਸਿਪਾਹੀਆਂ ਵਾਲੇ ਤੇਜ ਪ੍ਰਤਾਪ ਦੀ ਚਮਕ ਘੁਲ ਜਾਂਦੀ ਹੈ। ਕਿਸੇ ਵਿਚ ਥੋੜ੍ਹੀ ਅਤੇ ਕਿਸੇ ਵਿਚ ਬਹੁਤੀ .....। ਪਰ ਇਹ ਕਲਾ ਵਰਤਦੀ ਜ਼ਰੂਰ ਹੈ। ਚਾਹੇ ਕੁਝ ਪਲਾਂ ਲਈ ਹੀ ਹੋਵੇ ਅਤੇ ਚਾਹੇ ਸਦੀਵੀ ਹੋਵੇ।

ਕਈ ਵਾਰੀ ਐਸਾ ਹੁੰਦਾ ਹੈ ਕਿ ਖੰਡੇ ਦੀ ਪਾਹੁਲ ਛਕਦਿਆ ਹੀ ਪ੍ਰਾਣੀ ਅਜਰ ਨੂੰ ਜਰਦੇ ਹੋਏ ਨਾਮ-ਰੰਗ ਵਿਚ ਉਛਾਲੇ ਮਾਰਨ ਲਗ ਪੈਂਦੇ ਹਨ ਨਾਮ ਦ੍ਰਿੜ ਕਰਨ ਸਮੇਂ ਪੂਰਬਲੇ ਜਨਮਾ ਦੇ ਅੰਕੁਰ ਐਸੇ ਫੁੱਟਦੇ ਹਨ ਕਿ ਸਿਮਰਨ ਦੇ ਫੁਹਾਰੇ ਫੁੱਟ ਪੈਂਦੇ ਹਨ ਜਿਹੜੇ ਰਲ੍ਹਿਆਂ ਨਹੀਂ ਰਲ੍ਹਦੇ। ਕਈ ਮਰਜੀਵੜੇ ਸਰਬੰਸ ਦਾਨੀ ਦੇ ਪ੍ਰੇਮ ਵਿਚ ਸੀਸ ਤਲੀ ਉਤੇ ਧਰ ਕੇ ਉਸਦੀਆ ਪ੍ਰੇਮ-ਗਲੀਆਂ ਵਿਚ ਘੁੰਮਦੇ ਹੋਏ ਪੰਥ ਦੇ ਵਾਲੀ ਨੂੰ ਸੀਸ ਭੇਟ ਕਰਨ ਦਾ ਹੋਕਾ ਦਿੰਦੇ ਫਿਰਦੇ ਹਨ।

ਤੇ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਪੰਜਾਂ ਮਰਜੀਵੜਿਆ ਨੂੰ ਪੰਜਾ ਪਿਆਰਿਆ ਦੇ ਰੂਪ ਵਿਚ ਸ਼ਿੰਗਾਰ ਕੇ ਤੰਬੂ ਤੋਂ ਬਾਹਰ ਲਿਆਂਦਾ ਤਾਂ ਚੜ੍ਹਦੀ ਕਲਾ ਦੇ ਰੰਗਾ ਦੀ ਲੜੀ ਲਗ ਗਈ। ਇਲਾਹੀ ਖੁਸ਼ੀਆਂ ਖੇੜਿਆ ਦਾ ਠਿਕਾਣਾ ਨਾ ਰਿਹਾ। ਪੰਜਾ ਕਕਾਰਾ ਵਿਚ, ਗੁਰੂ ਜੀ ਦੇ ਬਾਣੇ ਵਿਚ ਤੇ ਗੁਰੂ ਜੀ ਦੇ ਹੀ ਤੇਜ ਪ੍ਰਤਾਪ ਦੇ ਨੂਰੀ ਝਲਕਾਰਿਆਂ ਦੀਆਂ ਝਲਕਾਂ ਮਾਰਦੇ ਉਹ ਗੁਰੂ ਜੀ ਦਾ ਹੀ ਰੂਪ ਬਣ ਕੇ ਉਹ ਸੰਗਤਾਂ ਦੇ ਸਾਹਮਣੇ ਆਏ। ਉਸ ਵੇਲੇ ਦੀਵਾਨ ਵਿਚ ਸਜੀ ਹੋਈ ਸੰਗਤ ਲਈ ਕਿੰਨੀ ਅਚੰਭੇ ਦੀ ਗਲ ਹੋਈ ਹੋਵੇਗੀ ? ਕਈਆਂ ਦੇ ਮਨ ਵਿਚੋਂ ਹੂਕਾਂ ਉਠੀਆਂ ਹੋਣਗੀਆਂ ਕਿ ਕਾਸ਼ । ਉਹ ਵੀ ਆਪਣਾ ਸੀਸ ਭੇਟ ਕਰਨ ਲਈ ਉਠ ਪੈਂਦੇ। ਮੌਕਾ ਹੱਥੋਂ ਖੁੰਝ ਜਾਣ ਦਾ ਅਫਸੋਸ ਹੋਇਆ ਹੋਵੇਗਾ।

ਜਦੋਂ ਸਤਿਗੁਰਾਂ ਨੇ ਬਾਣੀ ਦੀ ਬਰਖਾ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਚਿੜੀਆਂ ਤੋਂ ਬਾਜ ਤੜਵਾਉਣ ਵਾਲੀ ਸ਼ਕਤੀ ਪੈਦਾ ਕੀਤੀ ਹੋਈ ਹੋਵੇਗੀ ਤਾ ਸੰਗਤਾਂ ਕਿੰਨੀਆਂ ਨਿਹਾਲ ਹੋਈਆਂ ਹੋਣਗੀਆ ? ਫਿਰ ਮਾਤਾ ਸਾਹਿਬ ਦੇਵਾਂ ਨੇ ਝੋਲੀ ਭਰ ਕੇ ਪਤਾਸ਼ੇ ਅੰਮ੍ਰਿਤ ਵਿਚ ਪਾ ਕੇ ਅੰਮ੍ਰਿਤ ਵਿਚ ਮਿਠਾਸ ਪੈਦਾ


www.AKJ.Org

ਕਰ ਦਿਤੀ। ਸੱਚੇ ਸਤਿਗੁਰਾਂ ਨੇ ਪਹਿਲਾਂ ਪੰਜਾ ਪਿਆਰਿਆ ਨੂੰ ਅੰਮ੍ਰਿਤ ਪਾਨ ਕਰਵਾਇਆ ਅਤੇ ਪਿਛੋਂ ਉਨ੍ਹਾਂ ਦੇ ਅਗੇ ਬੈਠ ਗਏ। ਆਪਣਾ ਸੀਸ ਹੀ ਨਹੀਂ ਸਗੋਂ ਸਾਰਾ ਸਰਬੰਸ ਭੇਟ ਕਰਨ ਦਾ ਵਾਇਦਾ ਕੀਤਾ ਤੇ ਪੰਜਾਂ ਪਿਆਰਿਆ ਤੋਂ ਅੰਮ੍ਰਿਤ ਦੀ ਦਾਤ ਮੰਗੀ। ਪੰਜਾਂ ਪਿਆਰਿਆ ਕੋਲੋਂ ਅੰਮ੍ਰਿਤ ਛਕ ਕੇ "ਆਪੇ ਗੁਰ ਚੇਲਾ॥" ਦੀ ਨਿਰਾਲੀ ਰਸਮ ਦੁਨੀਆਂ ਉਤੇ ਪੈਦਾ ਕੀਤੀ ਅਤੇ "ਖਾਲਸਾ ਮੇਰੋ ਰੂਪ ਹੈ ਖਾਸ॥" ਦੀ ਰਹਿੰਦੀ ਦੁਨੀਆਂ ਤਕ ਰਹਿਣ ਵਾਲੀ ਸਚਾਈ ਦੇ ਦਰਸ਼ਨ ਕਰਵਾਏ।

ਭਿੰਨ ਭਿੰਨ ਜਾਂਤਾ ਦੇ ਪੰਜਾ ਪਿਆਰਿਆਂ ਨੂੰ ਖਾਲਸਾ ਰੂਪ ਦੇ ਕੇ ਜਾਤਾਂ ਪਾਤਾਂ ਦਾ ਖਾਤਮਾ ਕਰ ਦਿਤਾ। ਖਾਲਸੇ ਦਾ ਜਨਮ ਸਥਾਨ ਅਨੰਦਪੁਰ ਸਾਹਿਬ ਦੀ ਪਵਿਤਰ ਧਰਤੀ ਅਤੇ ਜਨਮ ਦਿਨ ੧੬੯੯ ਦੀ ਵੈਸਾਖੀ।

ਸਚਾਈ ਦੇ ਪਰਵਾਨੇ ਹਮੇਸ਼ਾ ਅਨੰਦਪੁਰ ਸਾਹਿਬ ਦੀ ਧਰਤੀ ਉਤੇ, ਉਸ ਤੰਬੂ ਦੀ ਰੌਸ਼ਨੀ ਉਤੇ ਕੁਰਬਾਨ ਹੋਣ ਲਈ ਹੀ ਫੇਰੇ ਪਾਉਂਦੇ ਰਹੇ। ਅਜ ਵੀ ਜਦੋਂ ਕਿਸੇ ਦੇ ਮਨ ਵਿਚ ਚੋਜੀ ਪ੍ਰੀਤਮ ਦੇ ਪਿਆਰ ਦਾ ਦੀਵਾ ਜਗਦਾ ਹੈ ਤਾਂ ਉਹ ਉਸ ਤੰਬੂ ਦੀ ਨੂਰਾਨੀ ਰੌਸ਼ਨੀ ਨਾਲ ਆਪਣੀ ਲਾਟ ਮਿਲਾਉਣ ਲਈ ਏਧਰ ਭਜਦਾ ਹੈ। ਅਗੋਂ ਤੋਂ ਵੀ ਸੱਚ ਦੇ ਤ੍ਰਿਹਾਇਆ ਨੂੰ ਇਸ ਤੰਬੂ ਵਿਚੋਂ ਨਿਕਲੀਆਂ ਇਲਾਹ ਕਿਰਨਾ ਦੀਆ ਫੁਹਾਰਾ ਦੂਰੋਂ ਖਿੱਚਾਂ ਪਾਉਂਦੀਆਂ ਰਹਿਣਗੀਆਂ। ਕਲਗੀਆ ਵਾਲੇ ਦੇ ਦੁਲਾਰੇ ਪ੍ਰੇਮ-ਹੜ੍ਹਾ ਵਿਚ ਰੁੜ੍ਹਦੇ ਹੋਏ ਕੇਸਗੜ੍ਹ ਸਾਹਿਬ ਪਹੁੰਚਣਗੇ। ਅੰਤਰ-ਮੁਖੀ ਹੋ ਕੇ ਉਸ ਤੰਬੂ ਦੀ ਸੋਨ-ਸਨਿਹਰੀ ਇਲਾਹੀ ਰੌਸ਼ਨੀ ਵਿਚ ਨਹਾਉਣਗੇ ਉਹ ਸੁਨਹਿਰਾ ਚਾਨਣ ਉਨ੍ਹਾਂ ਦੀਆ ਮਨ-ਅਖੀਆ ਨੂੰ ਦਿਸੇਗਾ। ਦਿਸੇਗਾ ਹੀ ਨਹੀਂ- ਉਹਨਾ ਦੇ ਧੁਰ-ਅੰਦਰ ਤਕ ਧੱਸ ਜਾਏਗਾ। ਉਹ ਚਾਨਣ...। ਨਿਰਾ ਚਾਨਣ ਹੀ ਨਹੀਂ. ਉਹ ਤਾਂ ਰਸੀਲਾ ਚਾਨਣ ਬਣ ਕੇ ਤਨ ਮਨ ਵਿਚ ਪ੍ਰੇਮ ਕੰਬਣੀਆ ਛੇੜ ਦੇਵੇਗਾ। ਰਸ-ਭਰੀਆਂ ਥਰਰਾਹਟਾਂ ਨਾਲ ਭਰ ਦੇਵੇਗਾ। ਉਸ ਚਾਨਣ ਰਾਹੀਂ, ਇਹਨਾ ਕੰਬਣੀਆ ਰਾਹੀਂ ਤੇ ਮਿੱਠੀਆਂ-ਮਿੱਠੀਆਂ ਥਰਰਾਹਟਾਂ ਰਾਹੀਂ ਚੋਜੀ ਪ੍ਰੀਤਮ ਆਪਣੇ ਪਿਆਰਿਆ ਨਾਲ ਮੇਲ ਮਿਲਾਪ ਕਰਦੇ ਰਹਿਣਗੇ।

ਬੰਦੇ ਦਾ ਜਿਸਮ ਭਾਵੇਂ ਤੰਦਰੁਸਤ ਹੋਵੇ ਜਾਂ ਬਿਮਾਰ ਹੋਵੇ, ਸੋਹਣਾ ਹੋਵੇ ਜਾਂ ਕੋਝਾ। ਪਰ ਉਹ ਜੀਉਂਦਾ ਉਦੋਂ ਤਕ ਹੀ ਹੈ ਜਦੋਂ ਤਕ ਉਸਦੀ ਰੂਹ ਦਾ ਪੰਖੇਰੂ ਉਸਦੇ ਜਿਸਮ ਅੰਦਰ ਕਾਇਮ ਹੈ। ਅਨੰਦਮਈ ਜੀਵਨ ਜੀਉਣ ਲਈ ਬੰਦੇ ਨੂੰ ਜਿਸਮ ਦੀ ਸੇਵਾ-ਸੰਭਾਲ ਠੀਕ ਢੰਗ ਨਾਲ ਕਰਨੀ ਪੈਂਦੀ ਹੈ। ਸੱਟਾਂ ਚੋਟਾਂ ਤੋਂ ਬਚਾ ਕੇ ਰਖਣਾ ਪੈਂਦਾ ਹੈ।

ਕੇਸਗੜ੍ਹ ਸਾਹਿਬ ਦੀ ਰੂਹ ਵੀ ਉਸ ਇਲਾਹੀ ਤੰਬੂ ਵਿਚ ਹੀ ਹੈ ਜਿਸ ਦੀ ਲੋਚਾ ਕਦੀ ਮਿਟ ਨਹੀਂ ਸਕਦੀ। ਜਿਸ ਦੀ ਥਾਂ ਵਿਚ ਖਾਲਸਾ ਪੰਥ ਦਾ ਨੀਂਹ -ਪੱਥਰ ਸਜਿਆ ਪਿਆ ਹੈ। ਵੈਸਾਖੀ ਦੀ ਇਲਾਹੀ ਘਟਨਾ( ਅੰਮ੍ਰਿਤ ਸੰਚਾਰ) ਵਿਚ ਹੈ। ਇਸ ਰੂਹ ਦਾ ਰੰਗ-ਰੂਪ ਪ੍ਰਗਟ-ਰੂਪ ਵਿਚ ਨਿਖਾਰ ਕੇ ਦਰਸਾਉਣ ਲਈ ਵੈਸਾਖੀ ਦੇ ਸੁਨੇਹੇ ਨੂੰ ਸਰਬਤ ਦੁਨੀਆ ਤਕ ਪਹੁੰਚਾਉਣ ਲਈ ਸੇਵ-ਕਮਾਉਣ ਦੀ ਲੋੜ ਹੈ। ਜੇ ਅਸੀਂ ਗੁਰੂ ਦਾ ਬਾਣਾ ਪਾਇਆ ਹੈ ਜਾਂ ਆਪਣੇ ਆਪ ਨੂੰ ਗੁਰੂ ਦੇ ਸਿੰਘ ਕਹਾਉਂਦੇ ਹਾਂ ਤਾਂ ਆਓ । ਆਪਣੀ ਕਮਾਈ ਵਲ ਧਿਆਨ ਦੇਈਏ ਆਓ । ਜਰਾ ਸੋਚੀਏ ਕਿ ਕੀ ਅਸੀਂ ਗੁਰੂ ਦੀ ਛਵ੍ਹੀ ਬਣਾਉਣ ਲਈ ਕੁਝ ਕਰਦੇ ਹਾਂ ਜਾਂ ਆਪਣੀ ਅਤੇ ਆਪਣੇ ਪਰਿਵਾਰ ਦੀ ਛਵ੍ਹੀ ਬਣਾਉਣ ਲਈ ਟੱਕਰਾਂ ਪਏ ਮਾਰਦੇ ਹਾਂ।

ਅਜ ਕੁਝ ਲੋਕੀਂ ਆਪਣੀਆ ਕਮਜ਼ੋਰੀਆ ਨੂੰ ਪਾਲਦੇ ਹੋਏ ਵੈਸਾਖੀ ਦੇ ਸੰਦੇਸ਼ ਦੀਆ ਇਲਾਹੀ ਕਿਰਨਾਂ ਦੇ ਚਾਨਣ ਨੂੰ ਗੰਧਲਾ ਕਰਨ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਗੁਰਦੁਵਾਰਿਆਂ ਵਿਚ ਫੈਲੀ ਭਰਿਸ਼ਟਾਚਾਰ ਦੀ ਬਿਮਾਰੀ ਇਨ੍ਹਾਂ ਨੂੰ ਹੌਂਸਲਾ ਅਤੇ ਹੱਲਾ ਸ਼ੇਰੀ ਦੇ ਰਹੀ ਹੈ।

ਕੀ ਸਾਡੇ ਗੁਰਦੁਆਰੇ ਤੰਦਰੁਸਤ ਹਨ ? ਕੀ ਇਹ ਗੁਰੂਆਂ ਦੇ ਜੀਵਨ ਦੀਆ ਇਤਿਹਾਸਕ ਅਤੇ ਅਲੌਕਿਕ ਘਟਨਾਵਾ ਦੀ ਰੌਸ਼ਨੀ ਫੈਲਾਉਣ ਦਾ ਕੰਮ ਠੀਕ ਢੰਗ ਨਾਲ ਕਰਦੇ ਹਨ ?

ਜੇ ਅਸੀਂ ਆਪਣੇ ਗੁਰੂ-ਘਰਾਂ ਵਿਚ ਖਿਲਰੇ ਪਖੰਡ ਅਤੇ ਝੂਠ ਫਰੇਬ ਦੇ ਕੰਡੇ ਹੂੰਝ ਕੇ ਉਥੇ ਸੇਵਾ ਸਿਮਰਨ ਅਤੇ ਨਾਮ-ਬਾਣੀ ਦੇ ਫਲ ਨਾ ਖਿੜਾਏ ਤਾਂ ਮੌਤ ਪਿਛੋਂ ਸੱਚੇ ਪਾਤਿਸ਼ਾਹ ਨੂੰ ਕੀ ਮੂੰਹ ਦਿਖਾਵਾਂਗੇ ? ਪੰਜਾਂ ਪਿਆਰਿਆਂ ਸਾਹਮਣੇ ਜਾ ਕੇ ਕੀ ਕਹਾਂਗੇ ਕਿ ਅਸੀਂ ਚੁਪ ਕਰਕੇ ਹੀ ਸਭ ਕੁਝ ਦੇਖਦੇ ਰਹੇ ?



www.AKJ.Org

# ਇਕ ਅਲੌਕਿਕ ਵੈਸਾਖੀ-ਖਾਲਸੇ ਦਾ ਜਨਮ

(ਵਲੋਂ ਅਜੀਤ ਕੌਰ ਲੁਧਿਆਣਾ)

ਭਾਰਤ ਮੂਲ ਰੂਪ ਵਿੱਚ ਤਿਓਹਾਰਾਂ ਦਾ ਦੇਸ਼ ਹੈ। ਇਹ ਤਿਓਹਾਰ ਇਥੋਂ ਇਥੋਂ ਦੇ ਵਸਨੀਕਾਂ ਲਈ ਮਾਨਸਿਕ ਤੇ ਆਤਮਿਕ ਖੁਸ਼ੀ ਦੀ ਪ੍ਰਾਪਤੀ ਦਾ ਸਾਧਨ ਹਨ। ਕੁਝ ਤਿਓਹਾਰਾਂ ਦਾ ਮੌਸਮਾਂ ਦੀ ਤਬਦਲੀ ਨਾਲ ਸੰਬੰਧ ਹੈ। ਭਾਰਤ ਵਿੱਚ ਲੋਕਾਂ ਦੀ ਜ਼ਿੰਦਗੀ ਵਿੱਚ ਅਧਿਆਤਮਿਕਤਾ ਦੀ ਪ੍ਰਧਾਨਤਾ ਰਹੀ ਹੈ। ਇਸ ਲਈ ਇਥੋਂ ਦੇ ਲੋਕਾਂ ਦੀ ਵਿਚਾਰਧਾਰਾ ਵਿੱਚ ਤਿਓਹਾਰਾਂ ਦੇ ਅਧਿਆਤਮਿਕ ਭਾਵ ਜੁੜੇ ਹੋਏ ਹਨ। ਇਥੇ ਕੁਝ ਤਿਓਹਾਰ ਮਾਨਵੀ ਪੱਧਰ ਤੇ ਨਹੀਂ ਸਗੋਂ ਮਜ਼ਬੀ ਪੱਧਰ ਉਤੇ ਵੀ ਮਨਾਏ ਜਾਂਦੇ ਹਨ।

ਵਿਸਾਖੀ ਦਾ ਤਿਓਹਾਰ ਭਾਰਤੀ ਜੀਵਨ ਤੇ ਭਾਰਤੀ ਇਤਿਹਾਸ ਵਿੱਚ ਇੱਕ ਵਿਸ਼ੇਸ਼ ਮਹੱਤਤਾ ਰੱਖਦਾ ਹੈ: ਵਿਸ਼ੇਸ਼ ਕਰਕੇ ਸਿੱਖ-ਜਗਤ ਵਿੱਚ ਵਿਸਾਖੀ-ਦਿਵਸ ਨੂੰ ਜਾਗ੍ਰਤੀ ਦਾ ਦਿਵਸ ਸਵੀਕਾਰ ਕੀਤਾ ਗਿਆ ਹੈ। ਸਿੱਖ ਕੌਮ ਲਈ ਤਾਂ ਵਿਸਾਖੀ ਇੱਕ ਪ੍ਰਤਿਗਿਆ ਦਾ ਦਿਵਸ ਹੈ।

ਅੱਜ ਤੋਂ ੩੦੨ ਸਾਲ ਪਹਿਲਾਂ ਦੀ ਵਿਸਾਖੀ ਨੂੰ ਅਸੀਂ ਇੱਕ ਅਲੌਕਿਕ ਵਿਸਾਖੀ ਕਹਿ ਸਕਦੇ ਹਾਂ। ੧੬੯੯ ਨੂੰ ਵਿਸਾਖੀ ਦੇ ਸ਼ੁਭ-ਦਿਹਾੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੀ ਪਵਿੱਤ੍ਰ ਧਰਤੀ ਤੇ ਜੋ ਖਾਲਸਾ ਪੰਥ ਸਾਜਿਆ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਮਿਲਣੀ ਅਸੰਭਵ ਹੈ। ਇਹ ਅਲੌਕਿਕ ਘਟਨਾ ਸਿੱਖ ਧਰਮ. ਦੇ ਵਿਕਾਸ ਵਿੱਚ ਇੱਕ ਨਵਾਂ-ਮੋੜ ਦੇਣ ਵਾਲੀ ਸੀ।

ਪੰਜ ਪਿਆਰੇ ਸਾਜਣ ਤੋਂ ਬਾਅਦ 'ਖਾਲਸਾ' ਸ਼ਬਦ ਸਮੂਹਿਕ ਰੂਪ ਵਿੱਚ ਉਹਨਾ ਸਾਰੇ ਸਿੱਖਾਂ ਲਈ ਵਰਤਿਆ ਜਾਣ ਲੱਗ ਪਿਆ ਜਿਹੜੇ ਅੰਮ੍ਰਿਤ ਛੱਕ ਕੇ ਸਿੰਘ ਬਣੇ ਤੇ ਜਿਨ੍ਹਾਂ ਨੇ ਜਾਤ-ਪਾਤ ਦੇ ਭਰਮਾਂ ਤੇ ਭੇਖਾਂ ਵਿਖਾਵਿਆਂ ਤੋਂ ਮੁਕਤ ਹੋਕੇ ਇਕ ਵਿਸ਼ੇਸ਼ ਨੇਮਾਵਲ ਵਿੱਚ ਰਹਿਣਾ ਪ੍ਰਵਾਨ ਕਰ ਲਿਆ।

ਭਾਈ ਗੁਰਦਾਸ ਦੂਜੇ ਨੇ ਖਾਲਸਾ ਸਾਜਨਾ ਦੇ ਅਦੁੱਤੀ ਕਾਰਜ ਨੂੰ ਇਕ ਤਰ੍ਹਾਂ ਪੇਸ਼ ਕੀਤਾ ਹੈ :-

'ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ- ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਖਾਲਸੇ ਦੀ ਸਿਰਜਨਾ ਤਨ, ਮਨ ਤੇ ਧਨ ਗੁਰੂ ਨੂੰ ਸੌਂਪਣ ਉਪਰੰਤ ਕੋਈ ਖਾਲਸਾ ਸਿਪਾਹੀ ਹੈ, ਜਿਸ ਦੀ ਸ਼ਕਤੀ ਦਾ ਸ੍ਰੋਤ ਆਪਣੇ ਆਪ ਨੂੰ ਸਾਧਣ ਵਿੱਚ ਹੈ, ਮਨ ਨੂੰ ਇਕਾਗਰ ਕਰਨ ਵਿੱਚ ਹੈ ਮਨ ਨੂੰ ਜਿੱਤਣ ਵਿੱਚ ਹੈ ਕਿਉਂਕਿ ਬੁੱਧੀ ਤੇ ਮਨ ਦੀ ਇਕਾਗਰਤਾ ਸ਼ੁਭ-ਕਰਮਨ ਲਈ ਲੋੜੀਂਦੀ ਹੈ; ਖਾਲਸੇ ਦਾ ਨਿਰਮਾਣ ਮਜ਼ਲੂਮਾਂ ਦੀ ਰਖਿਆ ਤੋਂ ਉਘੜਵਾਂ ਪਛਾਣ-ਚਿੰਨ੍ਹ ਇਹ ਹੈ ਕਿ ਉਹ ਹੱਕ ਸੱਚ ਤੇ ਇਨਸਾਫ਼ ਦੀ ਰਾਖੀ ਲਈ ਗਰੀਬਾਂ-ਮਜ਼ਲੂਮਾਂ ਦੇ ਹੱਕਾਂ ਦੀ ਰਾਖੀ ਲਈ ਅਤੇ ਮਨੁੱਖੀ ਸਵੈਮਾਣ ਦੀ ਕਾਇਮੀ ਲਈ ਆਪਣੀ ਜਾਨ ਤੱਕ ਕੁਰਬਾਨ ਕਰਨ ਲਈ ਤਿਆਰ ਰਹੇ। ਜਿਹੜਾ ਮਨੁਖਤਾ ਦੇ ਹਿੱਤ ਲਈ ਲੜਦਾ-ਲੜਦਾ ਟੁਕੜੇ ਟੁਕੜੇ ਹੋ ਜਾਵੇ ਪਰ ਪੈਰ ਪਿਛਾਂਹ ਨਾ ਮੁੜੇ ਉਹ ਖਾਲਸਾ ਹੈ। ਐਸੇ ਸੂਰਮੇ ਬਾਰੇ ਭਗਤ ਕਬੀਰ ਜੀ ਫੁਰਮਾਉਂਦੇ ਹਨ :

"ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।। (ਪੰਨਾ ੧੧੦੫)

ਖਾਲਸਾ ਅੰਮ੍ਰਿਤ ਵਿੱਚੋਂ ਪੈਦਾ ਹੋਇਆ ਹੈ ਅਤੇ ਖਾਲਸੇ ਵਿੱਚ ਅੰਮ੍ਰਿਤ ਘੁਲਿਆ ਹੋਇਆ ਹੈ। ਖਾਲਸੇ ਦੇ ਆਦਰਸ਼ ਅੰਮ੍ਰਿਤਮਈ ਹਨ। ਖਾਲਸੇ ਦਾ ਜਨਮ ਵੀ ਜਪ, ਜਾਪ, ਸ੍ਵਯੈ, ਚੌਪਈ ਅਤੇ ਅਨੰਦ ਵਿਚੋਂ ਹੋਇਆ ਹੈ। ਇਹਨਾ ਬਾਣੀਆਂ ਦੇ ਆਦਰਸ਼ ਹੀ ਖਾਲਸੇ ਦੇ ਆਦਰਸ਼ ਹਨ। ਨਿਤਨੇਮ ਦੀਆਂ ਬਾਣੀਆਂ ਦੁਆਰਾ ਹੀ ਹਰਰੋਜ਼ ਉਹ ਆਪਣੇ ਆਦਰਸ਼ ਨੂੰ ਸੁਰਜੀਤ ਕਰਦਾ ਹੈ।

ਖਾਅਸੇ ਦਾ ਜਨਮ ਅੰਮ੍ਰਿਤ ਦੇ ਬਾਟੇ ਵਿੱਚੋਂ ਹੋਇਆ। ਇਸ ਲਈ ਖਾਲਸੇ ਬੋਲ, ਵਿਚਾਰ ਤੇ ਵਿਹਾਰ ਵਿੱਚ ਬਾਟੇ ਦੀ ਮਿਠਾਸ ਚਲ ਰਹੀ ਹੈ। ਬਾਟੇ ਵਿੱਚ ਪਵਿੱਤਰ ਜਲ ਸੀ। ਇਸ ਲਈ ਖਾਲਸੇ ਦੇ ਸੁਭਾਅ ਵਿੱਚ ਜਲ ਦੀ ਸੀਤਲਤਾ ਹੋਣੀ ਉਚਿਤ ਹੈ। ਅੰਮ੍ਰਿਤ ਦਾ ਬਾਟਾ ਖੰਡੇ ਦੀ ਹਰਕਤ ਵਿੱਚੋਂ ਉਪਜਿਆ ਹੈ



www.AKJ.Org

ਖੰਡਾ ਭਗਤੀ ਤੇ ਸ਼ਕਤੀ ਦਾ ਮੇਲ ਹੈ। ਖਾਲਸੇ ਨੇ ਭਗਤੀ ਤੇ ਸ਼ਕਤੀ ਦੇ ਆਦਰਸ਼ ਨੂੰ ਨਿਭਾਉਣਾ ਹੈ। ਖਾਲਸਾ ਸਰਬ-ਲੋਹ ਦਾ ਉਪਾਸ਼ਕ ਹੈ। ਖਾਲਸੇ ਦੇ ਕੇਸ ਅਤੇ ਦਾੜ੍ਹਾ ਗੈਰਤ ਤੇ ਸ਼ਾਨ ਦੇ ਲਖਾਇਕ ਹਨ। ਉਸਦਾ ਕੜਾ ਤੇ ਕ੍ਰਿਪਾਨ ਉਸਦੇ ਸਰਬ-ਲੋਹ ਦੇ ਚਿੰਨ੍ਹ ਹਨ। ਐਸਾ ਖਾਲਸਾ ਨਿਰਸੰਦੇਹ ਸਵਾ ਲੱਖ ਤੋਂ ਵੱਧ ਬਲਵਾਨ ਹੈ ਖਾਲਸੇ ਨੂੰ ਇਹ ਹਦਾਇਤ ਹੈ ਕਿ ਜਦੋਂ ਵੀ ਇੱਕ ਅੰਮ੍ਰਿਤਧਾਰ ਸਿੰਘ ਇੱਕ ਦੂਜੇ ਨੂੰ ਮਿਲਣ ਤਾ ਉਹ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਬੁਲਾਵੇ।

ਖਾਲਸੇ ਦੇ ਸਿਰਜਣਹਾਰੇ ਨੂੰ ਆਪਣੀ ਸਿਰਜਨਾ ਆਪਣੇ ਬੱਚਿਆਂ ਤੋਂ ਵੱਧ ਪਿਆਰੀ ਸੀ। ਹਾਕਮ ਆਪਣੀ ਕੁਲਬਾ ਪ੍ਰਵਰੀ ਲਈ ਪਰਜਾ ਦੇ ਹਿੱਤ ਕੁਰਬਾਨ ਕਰ ਦੇਂਦੇ ਹਨ ਪਰ ਧੰਨ ਹਨ ਦਸਮੇਸ਼ ਪਿਤਾ ਜੀ ਜੋ ਆਪਣੇ ਅਤਿ ਪਿਆਰੇ ਪੁੱਤਰਾਂ ਦੀ ਕੁਰਬਾਨੀ ਤੋਂ ਆਪਣੇ ਆਪ ਨੂੰ ਮਾਣਮੱਤੇ ਮਹਿਸੂਸ ਕਰਦੇ ਹੋਏ ਕਹਿੰਦੇ ਹਨ :

'ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।।'

ਖਾਲਸਾ ਪੰਥ ਦੀ ਸਾਜਨਾ ਨਾਲ ਸਿੱਖ ਸਮਾਜ ਵਿੱਚ ਇਕਰੂਪਤਾ ਆਈ ਅਤੇ ਨਵਾਂ ਪ੍ਰਬੰਧਕੀ ਢਾਂਚਾ ਵੀ ਹੋਂਦ ਵਿੱਚ ਆਇਆ। ਖਾਲਸੇ ਲਈ ਨਿਯਤ ਕੀਤੇ ਗਏ ਬਾਹਰੀ ਲਿਬਾਸ, ਸਰੀਰਕ ਸਰੂਪ ਤੇ ਧਾਰਮਿਕ ਰਹਿਤ ਮਰਯਾਦਾ ਰਾਹੀਂ ਜਥੇਬੰਦਕ ਇਕ ਰੂਪਤਾ ਸਥਾਪਤ ਹੋਈ। ਖਾਲਸਾ ਸਦਾ ਹੀ ਚੜ੍ਹਦੀ ਕਲਾ ਵਿੱਚ ਵਿਚਰਦਾ ਹੈ। ਖਾਲਸਾ ਸਦਾ ਅਮਰ ਹੈ। ਖਾਲਸੇ ਦੀ ਸਿਰਜਨਾ ਸਮੇਂ ਗੁਰੂ ਜੀ ਨੇ ਕਿਹਾ ਸੀ ਕਿ ਜਿਵੇਂ ਬਗਲਿਆਂ ਦੀ ਡਾਰ ਵਿੱਚ ਕੋਈ ਹੰਸ ਛੁਪਿਆ ਨਹੀਂ ਰਹਿ ਸਕਦਾ, ਗਿਰਝਾ ਵਿੱਚ ਜਿਵੇਂ ਮੋਰ ਲਿਸ਼ਕਦਾ ਹੈ, ਖੋਤਿਆ ਦੀ ਭੀੜ ਵਿੱਚ ਜਿਵੇਂ ਘੋੜਾ ਤੇ ਹਿਰਨਾਂ ਦੀ ਢਾਵੀ ਵਿੱਚ ਜਿਵੇਂ ਕੋਈ ਸ਼ੇਰ ਵੱਖਰਾ ਦਿਸਦਾ ਹੈ ਤਿਵੇਂ ਹੀ ਭਿੰਨ ਭਿੰਨ ਮੱਤਾ ਤੇ ਭੇਖਾ ਦੇ ਇਕੱਠ ਵਿਚੋਂ ਵਿਚਰਦਾ ਮੇਰਾ ਸਿੱਖ ਆਪਣੇ ਪਿਆਰੇ ਸਰੂਪ ਤੇ ਅਨੂਠੀ ਸਪਿਰਟ ਸਦੀਕ ਸਹਿਜ ਹੀ ਦੇਖਿਆ ਤੇ ਪਛਾਣਿਆ ਜਾ ਸਕੇਗਾ। ▪▪▪▪▪

ਪੰਨਾ ੬ ਦਾ ਬਾਕੀ ...

ਤੇ ਪ੍ਰਾਨ ਮੇਰੀ ਜਾਤਿ ਤੇ ਪ੍ਰਾਨ' ਹੈ, ਖਾਲਸੇ ਦਾ ਪਿੰਡ ਹੈ, ਖਾਲਸੇ ਵਿਚ ਹੀ ਮੇਰਾ ਨਿਵਾਸ ਹੈ, ਮੈਂ ਖਾਲਸੇ ਦਾ ਹਾ ਤੇ ਖਾਲਸਾ ਮੇਰਾ ਹੈ।" ਗੁਰੂ ਨਾਨਕ ਸਾਹਿਬ ਸਾਖੀ ਹਨ, ਕਿ ਮੇਰੇ ਤੇ ਖਾਲਸੇ ਵਿਚ ਰੰਚਕ ਮਾਤਰ ਵੀ ਫ਼ਰਕ ਨਹੀਂ। ਨਿਸਚੇ ਹੀ 'ਖਾਲਸਾ' ਨੂੰ ਪ੍ਰਮਾਤਮਾ ਤੇ ਗੁਰੂ ਦਾ ਬਿੰਬ ਤੇ ਪ੍ਰਤੀਨਿੱਧ ਬਣਾ ਦਿੱਤਾ ਹੈ :

ਖਾਲਸਾ ਮੇਰੋ ਰੂਪ ਹੈ ਖ਼ਾਸ।। ਖਾਲਸੇ ਮਹਿ ਹੌ ਕਰੌ ਨਿਵਾਸ।।
ਖਾਲਸਾ ਮੇਰੋ ਮੁਖ ਹੈ ਅੰਗਾ।। ਖਾਲਸੇ ਕੇ ਹੌ ਸਦ ਸਦ ਸੰਗਾ।।

..............................................................................................

ਖਾਲਸਾ ਮੇਰੋ ਪਿੰਡ ਪਰਾਨ ।। ਖਾਲਸਾ ਮੇਰੀ ਜਾਨ ਕੀ ਜਾਨ।।

..............................................................................................

ਖਾਲਸਾ ਮੇਰੋ ਸਤਿਗੁਰ ਪੂਰਾ।। ਖਾਲਸਾ ਮੇਰੋ ਸੱਜਨ ਸੂਰਾ।।

..............................................................................................

ਯਾ ਮੈਂ ਰੰਚ ਨ ਮਿਥਿਆ ਭਾਖੀ।। ਪਾਰਬ੍ਰਹਮ ਗੁਰ ਨਾਨਕ ਸਾਖੀ।।

..............................................................................................

ਹੌ ਖਾਲਸੇ ਕੋ ਖਾਲਸਾ ਮੇਰੋ।। ਓਤ ਪੋਤਿ ਸਾਗਰ ਬੂਦੇਰੋ।।
ਖਾਲਸਾ ਅਕਾਲ ਪੁਰਖ ਕੀ ਫ਼ੌਜ।। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।।
ਜਬ ਲਗ ਖਾਲਸਾ ਰਹੇ ਨਿਆਰਾ।। ਤਬ ਲਗ ਤੇਜ ਦੀਉ ਮੈਂ ਸਾਰਾ।।
ਜਬ ਇਹ ਗਹੈ ਬਿਪਰਨ ਕੀ ਰੀਤ।। ਮੈਂ ਨ ਕਰੋਂ ਇਨ ਕੀ ਪ੍ਰਤੀਤ।।

ਅਜੋਕੇ ਹਾਲਾਤ ਵਿਚ ਖਾਲਸੇ ਨੂੰ ਗੁਰੂ-ਪ੍ਰੰਪਰਾ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਰੋਲ ਹੀ ਅਦਾ ਕਰਨਾ ਚਾਹੀਦਾ ਹੈ।

— — — —



www.AKJ.Org

# ਸਾਚੀ ਭਗਤਿ ਤਾ ਥੀਐ

(ਡਾ ਪਰਮਜੀਤ ਕੌਰ ਯਮੁਨਾਨਗਰ)

ਭਾਈ ਰੇ, ਭਗਤਿ ਹੀਣੁ ਕਾਹੇ ਜਗਿ ਆਇਆ॥

ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ॥ (ਸਿਰੀਰਾਗੁ ਮ: ੩ ਪੰਨਾ ੩੨)

ਮਨੁੱਖ ਐਸੇ ਸੰਸਾਰ-ਸਮੁੰਦਰ ਵਿੱਚ ਫਸਿਆ ਪਿਆ ਹੈ ਜਿੱਥੇ ਤ੍ਰਿਸ਼ਨਾ ਦੀ ਅੱਗ ਲਗੀ ਹੋਈ ਹੈ, ਭਿਯਾਨਕ ਅਸਾਧ ਵਿਸ਼ਿਆ ਦਾ ਪਾਣੀ ਹੈ ਅਤੇ ਉਸ ਸੰਸਾਰ-ਸਮੁੰਦਰ ਦਾ ਕੰਡਾ ਅਪਹੁੰਚ ਹੈ। ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਪ੍ਰਮਾਤਮਾ ਦੀ ਭਗਤੀ ਮਾਨੋਂ ਜਹਾਜ ਹੈ-

(ੳ) ਪਾਵਕ ਤੋਅ ਅਸਾਧ ਘੋਰੰ, ਅਗਮ ਤੀਰ ਨਹ ਲੰਘਨਹ॥

ਭਜੁ ਸਾਧਸੰਗਿ ਗੋੁਪਾਲ ਨਾਨਕ, ਹਰਿ ਚਰਣ ਸਰਣ ਉਧ੍ਰਰਣ ਕ੍ਰਿਪਾ॥੫੮॥

(ਸਲੋਕ ਸਹਸਕ੍ਰਿਤੀ ਮ: ੫ ਪੰਨਾ ੧੩੫੯)

(ਅ) ਭੀ ਤੂਹੇ ਸਾਲਾਹਣਾ ਪਿਆਰੇ ਭੀ ਤੇਰੀ ਸਾਲਾਹ॥

ਵਿਣੁ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹ॥ (ਮ: ੧, ਪੰਨਾ ੬੩੬)

ਅਕਾਲ ਪੁਰਖ ਵਾਹਿਗੁਰੂ ਸਰਬਕਲਾ ਸਮਰੱਥ, ਵਡਦਾਤਾ ਹੈ। ਉਸ ਜੇਵਡ ਹੋਰ ਕੋਈ ਨਹੀਂ ਹੈ, ਮਨ ਵਿੱਚ ਇਹ ਦ੍ਰਿੜ ਵਿਸ਼ਵਾਸ਼ ਹੋਵੇ ਤਾ ਹੀ ਉਸ ਦੀ ਭਗਤੀ ਕੀਤੀ ਜਾ ਸਕਦੀ ਹੈ –

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ॥ (ਪੰਨਾ ੭੩੪)

ਹਿਰਦੇ ਵਿੱਚ ਪ੍ਰਭੂ ਲਈ ਪ੍ਰੇਮ ਨਾ ਹੋਵੇ ਤਾਂ ਭਗਤੀ ਨਹੀਂ ਕੀਤੀ ਜਾ ਸਕਦੀ-

ਬਿਨੁ ਪਿਆਰੈ ਭਗਤਿ ·ਨ ਹੋਵਈ ਨਾ ਸੁਖੁ ਹੋਇ ਸਰੀਰਿ॥

ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ॥੬॥ (ਆਸਾ ਮ: ੩, ਪੰਨਾ ੪੨੯)

ਪ੍ਰਮਾਤਮਾ ਦੇ ਡਰ-ਅਦਬ ਵਿੱਚ ਰਿਹਾ ਹੀ ਮਨ ਭਗਤੀ ਕਰਨ ਲਈ ਪ੍ਰੇਰਿਤ ਹੁੰਦਾ ਹੈ ਅਤੇ ਨਾਮ ਨਾਲ ਪਿਆਰ ਬਣਦਾ ਹੈ। ਗੁਰਵਾਕ ਹਨ–

ਭੈ ਬਿਨੁ ਭਗਤਿ ਨ ਹੋਵਈ, ਨਾਮਿ ਨ ਲਗੈ ਪਿਆਰੁ॥

ਸਤਿਗੁਰਿ ਮਿਲਿਐ ਭਉ ਊਪਜੈ, ਭੈ ਭਾਇ ਰੰਗੁ ਸਵਾਰਿ॥

(ਵਾਰ ਸੂਹੀ ਕੀ ਮ: ੩, ਪੰਨਾ ੭੮੮)

ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ॥੨॥ ਆਸਾ ਕੀ ਵਾਰ ਮ: ੧, ਪੰਨਾ ੪੬੫)

ਭੈ ਤੇ ਉਪਜੈ ਭਗਤਿ ਪ੍ਰਭ, ਅੰਤਰਿ ਹੋਇ ਸਾਂਤਿ॥

ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ॥ (ਬਿਲਾਵਲੁ ਮ: ੫, ਪੰਨਾ ੮੧੪)

ਬਿਨੁ ਭੈ ਭਗਤੀ ਤਰਨੁ ਕੈਸੇ॥ (ਮ: ੫ ਪੰਨਾ ੮੨੯)

ਪ੍ਰਭੂ ਦੇ ਡਰ-ਅਦਬ ਵਿੱਚ ਰਿਹਾ ਉਹ ਆਤਮਿਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਥੇ ਮਨ ਹਰ ਵੇਲੇ ਪ੍ਰਮਾਤਮਾ ਦੇ ਸਿਮਰਨ ਵਿੱਚ ਲੀਨ ਰਹਿੰਦਾ ਹੈ। ਪ੍ਰਮਾਤਮਾ ਦੀ ਸਿਫਤਿ ਸਾਲਾਹ ਕਰਨੀ ਅਤੇ ਅੱਠੇ ਪਹਰ ਸਿਮਰਨ ਕਰਨਾ ਹੀ ਭਗਤੀ ਹੈ–

ਅਨਦਿਨੁ ਨਾਮੁ ਧਿਆਏ ਸਾਚਾ, ਇਸੁ ਜਗ ਮਹਿ ਨਾਮੋ ਲਾਹਾ ਹੇ॥

(ਮਾਰੂ ਸੋਲਹੇ ਮ: ੩, ਪੰਨਾ ੧੦੫੩)

ਪ੍ਰਾਣੀ ਏਕੋ ਨਾਮੁ ।ਧਆਵਹੁ ॥ ਅਪਨੀ ਪਤਿ ਸੇਤੀ ਘਰਿ ਜਾਵਹੁ॥

(ਰਾਗੁ ਮਲਾਰ ਮ:੧, ਪੰਨਾ ੧੨੫੪)

ਮੇਰੇ ਮਨ ਜਪੁ ਜਪਿ ਹਰਿ ਨਾਰਾਇਣ॥

ਕਬਹੂ ਨ ਬਿਸਰਹੁ ਮਨ ਮੇਰੇ ਤੇ ਆਠ ਪਹਰ ਗੁਣ ਗਾਇਣ॥ (ਨਟ ਮ: ੫, ਪੰਨਾ ੯੭੯)

ਰਾਮ ਨਾਮੁ ਜਪਿ ਅੰਤਰਿ ਪੂਜਾ॥ ਗੁਰ ਸਬਦੁ ਵੀਚਾਰਿ ਅਵਰੁ ਨਹੀ ਦੂਜਾ॥੧॥



www.AKJ.Org

ਏਕੋ ਰਵਿ ਰਹਿਆ ਸਭ ਠਾਈ॥ ਅਵਰੁ ਨ ਦੀਸੈ ਕਿਸੁ ਪੂਜ ਚੜਾਈ॥ਰਹਾਉ॥

(ਪ੍ਰਭਾਤੀ ਮ: ੧, ਪੰਨਾ ੧੩੪੫)

ਕ੍ਰੋੜਾਂ ਜਪ ਤਪ ਤੇ ਲਖਾਂ ਪੂਜਾ ਪ੍ਰਮਾਤਮਾ ਦੇ ਨਾਮ ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦੇ–

ਜਾਪ ਤਾਪ ਕੋਟਿ ਲਖ ਪੂਜਾ ਹਰਿ ਸਿਮਰਣ ਤੁਲਿ ਨ ਲਾਇਣੁ। (ਨਟ ਮ: ੫, ਪੰਨਾ ੯੮੯)

ਪ੍ਰਮਾਤਮਾ ਦੇ ਨਾਮ ਦਾ ਸਿਮਰਨ ਇਕਾਗਰ ਮਨ ਨਾਲ ਕਰਨਾ ਚਾਹੀਦਾ ਹੈ-

ਮੇਰੇ ਮਨ ਜਪਿ ਹਰਿ ਹਰਿ ਨਾਮੁ ਮਨੇ। (ਨਟ ਮ: ੪ ਪੰਨਾ ੯੮੬)

ਜਿਸ ਤਰ੍ਹਾਂ ਬੀਜ ਬੀਜਣ ਲਈ ਦਾਣੇ ਦਾ ਸਾਬਤ ਹੋਣਾ ਜ਼ਰੂਰੀ ਹੈ ਜੇਕਰ ਦਾਣਾ ਦਲ ਦਿੱਤਾ ਜਾਵੇ ਯਾ ਦੋਫਾੜ ਹੋ ਜਾਵੇ ਤਾ ਉਗਦਾ ਨਹੀਂ, ਨਾ ਹੀ ਫਲ ਪ੍ਰਾਪਤ ਹੁੰਦਾ ਹੈ। ਇਸੇ ਤਰ੍ਹਾਂ ਦੁਵਿਧਾ ਵਿੱਚ ਪਏ ਦੁਚਿੱਤੇ ਮਨ ਨਾਲ ਭਗਤੀ ਕਰਨ ਨਾਲ, ਨਾਮ ਸਿਮਰਨ ਕਰਨ ਨਾਲ ਫਲ ਪ੍ਰਾਪਤ ਨਹੀਂ ਹੁੰਦਾ। ਪ੍ਰਮਾਤਮਾ ਦੇ ਗੁਣ ਅੰਦਰ ਨਹੀਂ ਵੱਸਦੇ, ਪ੍ਰਮਾਤਮਾ ਦੀ ਨੇੜਤਾ ਪ੍ਰਾਪਤ ਨਹੀਂ ਹੁੰਦੀ। ਜੇਕਰ ਮਨ ਵਿੱਚ ਨਿੰਦਾ, ਈਰਖਾ, ਕਾਮ-ਕ੍ਰੋਧ, ਹਉਮੈ ਆਦਿਕ ਵਿਕਾਰਾ ਦੀ ਮੈਲ ਹੈ ਤਾ ਪ੍ਰਮਾਤਮਾ ਦੀ ਭਗਤੀ ਨਹੀਂ ਕੀਤੀ ਜਾ ਸਕਦੀ। ਨਾਮ ਅੰਦਰ ਨਹੀਂ ਵੱਸਦਾ -

ਮਨਿ ਮੈਲੈ ਭਗਤਿ ਨ ਹੋਵਈ, ਨਾਮੁ ਨ ਪਾਇਆ ਜਾਇ॥ (ਸਿਰੀ ਰਾਗੁ ਮ: ੩, ਪੰਨਾ ੩੯)

ਮਨ ਦੀਆਂ ਵਾਸਨਾਵਾ ਦੇ ਕਾਰਣ ਮਨ ਵਿੱਚ ਸਹਮ ਦੀ ਗੰਢ ਬਣੀ ਰਹਿੰਦੀ ਹੈ। ਮਨ ਵਿੱਚ ਪ੍ਰਭੂ ਲਈ ਪਿਆਰ ਪੈਦਾ ਨਹੀਂ ਹੁੰਦਾ। ਮਨ ਦੇ ਨਾਲ ਪ੍ਰਮਾਤਮਾ ਦੀ ਛੋਹ ਹੀ ਨਹੀਂ ਬਣਦੀ ਤੇ ਜਦੋਂ ਤੱਕ ਲੋਹਾ ਪਾਰਸ ਨਾਲ ਛੂਹੇ ਨਾ ਤਦ ਤੱਕ ਉਹ ਸ਼ੁੱਧ ਸੋਨਾ ਕਿਵੇਂ ਬਣ ਸਕਦਾ ਹੈ-

ਪੜੀਐ ਗੁਨੀਐ ਨਾਮੁ ਸਭੁ ਸੁਨੀਐ, ਅਨਭਉ ਭਾਉ ਨ ਦਰਸੈ॥
ਲੋਹਾ ਕੰਚਨੁ ਹਿਰਨ ਹੋਇ ਕੈਸੇ, ਜਉ ਪਾਰਸਹਿ ਨ ਪਰਸੈ॥

(ਰਾਮਕਲੀ, ਬਾਣੀ ਰਵਿਦਾਸ ਜੀ ਕੀ ਪੰਨਾ ੯੭੩)

ਜਿਹੜਾ ਮਨੁੱਖ ਗੁਰੂ ਦੀ ਸਰਣ ਵਿੱਚ ਆ ਕੇ ਗੁਰ-ਸ਼ਬਦ ਦੀ ਕਮਾਈ ਕਰਦਾ ਹੈ। ਗੁਰਬਾਣੀ ਅਨੁਸਾਰ ਜੀਵਨ ਘਾੜਤ ਘੜਦਾ ਹੈ, ਹਉਮੈ ਆਦਿਕ ਵਿਕਾਰਾਂ ਨੂੰ ਛੱਡ ਕੇ ਆਪਾ ਭਾਵ ਤਿਆਗ ਦੇਂਦਾ ਹੈ, ਜੀਉਂਦਿਆ ਆਪਾ ਭਾਵ ਵਲੋਂ ਮਰ ਜਾਂਦਾ ਹੈ ਜਿਸਦਾ ਮਨ ਨਿਰਮਲ ਹੋ ਜਾਂਦਾ ਹੈ ਉਹ ਭਗਤੀ ਦੀ ਦਾਤਿ ਪ੍ਰਾਪਤ ਕਰ ਲੈਂਦਾ ਹੈ-

ਸੰਸਾਰ ਵਿੱਚ ਰਹਿੰਦੇ ਹੋਏ ਜੀਉਂਦਿਆਂ ਕਿਵੇਂ ਮਰਿਆ ਜਾ ਸਕਦਾ ਹੈ ਇਸ ਨੂੰ ਵਿਸਥਰ ਨਾਲ ਸਮਝਾਉਂਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇਕਰ ਅੱਖਾਂ ਤੋਂ ਬਿਲਾਂ ਵੇਖੀਏ ਭਾਵ ਜੇਕਰ ਅੱਖਾਂ ਨੂੰ ਪਰ ਰੂਪ ਤਕਣ ਤੋਂ ਵਰਜ ਲਿਆ ਜਾਵੇ, ਕੰਨਾ ਤੋਂ ਬਿਨਾਂ ਸੁਣੀਐ ਭਾਵ ਜੇਕਰ ਕੰਨਾਂ ਨੂੰ ਨਿੰਦਾ ਸੁਣਨ ਦੀ ਆਦਤ ਹਟਾਕੇ ਵਰਤੀਏ ਜੇਕਰ ਪੈਰਾਂ ਤੋਂ ਬਿਨਾਂ ਤੁਰੀਏ ਭਾਵ ਜੇ ਪੈਰਾਂ ਨੂੰ ਮੰਦੇ ਪਾਸੇ ਵਲ ਦੋੜਨ ਤੋਂ ਰੋਕ ਲਈਏ, ਜੇ ਹੱਥਾ ਤੋਂ ਬਿਨਾਂ ਕੰਮ ਕਰੀਏ ਭਾਵ ਹੱਥਾ ਨਾਲ ਕਿਸੇ ਦੇ ਨੁਕਸਾਨ ਦਾ ਕੋਈ ਬੁਰਾ ਕੰਮ ਨ ਕੀਤਾ ਜਾਵੇ ਤਾਂ ਮਨੁੱਖ ਜੀਉਂਦਿਆਂ ਮਰ ਸਕਦਾ ਹੈ–

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥ ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥ ਨਾਨਕ ਹੁਕਮੁ ਪਛਾਣਿ ਕੈ ਤਉ, ਖਸਮੈ ਮਿਲਣਾ॥

(ਸਲੋਕ ਮ: ੨, ਪੰਨਾ ੧੩੯)

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਗੁਰੂ ਦੀ ਦੱਸੀ ਸੇਵਾ ਕਰਕੇ ਹਉਮੈ ਤੋਂ ਪੈਦਾ ਹੋਣ ਵਾਲੇ ਵਿਕਾਰ ਛੱਡ ਕੇ ਮਨੁੱਖ ਦਾ ਮਨ ਪਵਿੱਤ੍ਰ ਹੋ ਜਾਂਦਾ ਹੈ। ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਭੂ ਦੇ ਗੁਣਾਂ ਦੀ ਵਿਚਾਰ ਹਿਰਦੇ ਵਿੱਚ ਟਿਕਾਕੇ ਤੇ ਆਪਾ ਭਾਵ ਦੂਰ ਕਰਕੇ ਮਨੁੱਖ ਦੁਨੀਆਂ ਦੀ ਕਿਰਤ ਕਾਰ ਕਰਦਾ ਹੋਇਆ ਹੀ ਵਿਕਾਰਾਂ ਵਲੋਂ ਮਰ ਜਾਂਦਾ ਹੈ, ਉਹ ਮੋਹ ਦੇ ਝਮੇਲਿਆਂ ਦੀ ਭਟਕਨਾਂ ਤੋਂ ਬਚ ਜਾਂਦਾ ਹੈ, ਪ੍ਰਭੂ ਨਾਲ ਪਿਆਰ ਬਣ ਜਾਂਦਾ ਹੈ–

ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰੁ॥
ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰੁ॥



www.AKJ.Org

ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ॥
ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ॥੪॥
ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ॥
ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ॥ (ਸਿਰੀ ਰਾਗੁ ਮ: ੩, ਪੰਨਾ ੩੪)

ਪ੍ਰਮਾਤਮਾ ਨੂੰ ਹਿਰਦੇ ਵਿੱਚ ਵਸਾਉਣ ਦਾ ਭਾਵ ਹੈ ਮਨ, ਬਚਨ ਅਤੇ ਕਰਮ ਰਾਹੀਂ ਹਰ ਵੇਲੇ ਅਕਾਲ ਪੁਰਖ ਨੂੰ ਯਾਦ ਰਖਣਾ। ਮਨ ਵਿੱਚ ਪ੍ਰਭੂ ਦੀ ਯਾਦ ਰਹਿਣ ਦਾ ਭਾਵ ਹੈ, ਮਨ ਵਿੱਚ ਅਕਾਲ ਪੁਰਖ ਦਾ ਡਰ ਅਤੇ ਪਿਆਰ ਰਹਿਣਾ। ਕੋਈ ਮੰਦਾ ਵਿਚਾਰ ਮਨ ਵਿੱਚ ਨਾ ਲਿਆਉਣਾ, ਕਿਸੇ ਦਾ ਮੰਦਾ ਨਾ ਚਿਤਵਨਾ, ਕਿਸੇ ਗਲਤ ਕੰਮ ਨੂੰ ਕਰਨ ਬਾਰੇ ਨਾ ਸੋਚਣਾ। ਸਦਾ ਸ਼ੁਭ ਵਿਚਾਰ ਅਤੇ ਪਰਉਪਕਾਰ ਦੀ ਭਾਵਨਾ ਅੰਦਰ ਰਖਣਾ। ਬਚਨ ਰਾਹੀਂ ਪ੍ਰਭੂ ਨੂੰ ਯਾਦ ਰਖਣ ਦਾ ਮਤਲਬ ਹੈ- ਬਚਨਾਂ ਰਾਹੀਂ ਕਿਸੇ ਦੀ ਭਾਵਨਾਵਾ ਨੂੰ ਠੇਸ ਨਾ ਪਹੁੰਚਾਣੀ, ਝੂਠ ਨ ਬੋਲਣਾ, ਨਿੰਦਾ ਚੁਗਲੀ ਨਾ ਕਰਨੀ, ਦੂਸਰਿਆਂ ਨੂੰ ਨੁਕਸਾਨ ਪਹੁੰਚਾਣ ਦੀ ਠੱਗੀ ਕਰਨ ਦੀਆਂ ਗੱਲਾ ਨਾ ਕਰਨੀਆ। ਸਦਾ ਸੱਚ ਬੋਲਣਾ, ਮਿੱਠਾ ਬੋਲਣਾ, ਨਾਮ ਜਪਣਾ, ਹਿਤਕਾਰੀ, ਕਲਿਆਣਕਾਰੀ ਬੋਲ ਬੋਲਦੇ। ਗੁਰਮਤਿ ਅਨੁਸਾਰ ਜੀਵਨ ਘਾੜਤ ਘੜਣੀ, ਕਲਿਆਣਕਾਰੀ, ਸ਼ੁਭ ਕਰਮ ਕਰਨੇ ਹੀ ਕਰਮਰਾਹੀਂ ਪ੍ਰਮਾਤਮਾ ਨੂੰ ਯਾਦ ਰਖਣਾ ਹੈ-

1. ਮਨ ਬਚ ਕ੍ਰਮ ਰਾਮ ਨਾਮੁ ਚਿਤਾਰੀ॥
ਘੂਮਨ ਘੇਰਿ ਮਹਾ ਅਤਿ ਬਿਖੜੀ, ਗੁਰਮੁਖਿ ਨਾਨਕ ਪਾਰਿ ਉਤਾਰੀ॥(ਰਾਮਕਲੀ ਮ:੫ ਪੰਨਾ ੯੧੬)
੨. ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ। ਨਾਨਕ ਦਾਸ ਤੇਰੀ ਸਰਣਾਈ॥
(ਗਉੜੀ ਮ: ੫ ਪੰਨਾ ੨੦੦)

ਪ੍ਰਮਾਤਮਾ ਦਾ ਨਾਮ-ਧਨ ਹੀ ਭਗਤਾ ਦੀ ਪੂੰਜੀ ਹੁੰਦਾ ਹੈ ਹਰਵੇਲੇ ਪ੍ਰਮਾਤਮਾ ਨੂੰ ਯਾਦ ਰਖਣ ਵਾਲੇ ਦੇ ਅੰਦਰ ਪ੍ਰਮਾਤਮਾ ਦੇ ਗੁਣ ਖਿਮਾ, ਨਿਮਰਤਾ, ਸਹਨਸ਼ੀਲਤਾ, ਅਤਮਿਕ ਅਡੋਲਤਾ ਆਦਿਕ ਪੈਦਾ ਹੋ ਜਾਂਦੇ ਹਨ-

ਖਰਚੁ ਖਜਾਨਾ ਨਾਮ ਧਨੁ, ਇਆ ਭਗਤਨ ਕੀ ਰਾਸਿ।
ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ॥
(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੩)

ਵਿਕਾਰੀ ਅਤੇ ਪਾਪੀ ਨੂੰ ਭਗਤੀ ਦੀ ਦਾਤਿ ਨਹੀਂ ਮਿਲਦੀ ਉਸ ਨੂੰ ਪੂਜਾ ਸੁਖਾਂਦੀ ਨਹੀਂ-

ਕਬੀਰ ਪਾਪੀ ਭਗਤਿ ਨ ਭਾਵਈ, ਹਰਿ ਪੂਜਾ ਨ ਸੁਹਾਇ॥
ਮਾਖੀ ਚੰਦਨੁ ਪਰਹਰੈ, ਜਹ ਬਿਗੰਧ ਤਹ ਜਾਇ॥ (ਪੰਨਾ ੧੩੬੮)

ਜਿਸ ਮਨੁੱਖ ਦਾ ਮਨ ਸਦਾ ਥਿਰ ਪ੍ਰਭੂ ਦੀ ਭਗਤੀ ਦੇ ਰੰਗ ਵਿੱਚ ਗੂੜਾ ਰੰਗਿਆ ਜਾਂਦਾ ਹੈ ਉਹ ਆਤਮਿਕ ਅਡੋਲਤਾ ਵਿੱਚ ਪ੍ਰਭੂ-ਪ੍ਰੇਮ-ਵਿੱਚ ਮਸਤ ਰਹਿੰਦਾ ਹੈ। ਗੁਰੂ ਦੇ ਸ਼ਬਦ ਵਿੱਚ ਜੁੜਕੇ ਉਸ ਦਾ ਮਨ ਪ੍ਰਭੂ ਚਰਨਾ ਵਿੱਚ ਅਜਿਹਾ ਮਸਤ ਹੋ ਜਾਦਾ ਹੈ ਕਿ ਉਸ ਆਨੰਦ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਉਸ ਦੀ ਜੀਭ ਸਦਾ ਥਿਰ ਪ੍ਰਭੂ ਦੀ ਸਿਫਤਿ ਸਾਲਾਹ ਵਿੱਚ ਲਗੀ ਰਹਿੰਦੀ ਹੈ। ਪ੍ਰੇਮ ਨਾਲ ਪ੍ਰਭੂ ਦੇ ਗੁਣ ਗਾਕੇ ਉਹ ਆਤਮਾ ਦੀ ਅਸਲੀਅਤ ਪਛਾਣ ਲੈਂਦਾ ਹੈ, ਪ੍ਰਮਾਤਮਾ ਦਾ ਨਾਮ ਹੀ ਉਸ ਲਈ ਬੋਲ-ਚਾਲ ਉਚੀ ਕੁਲ, ਜਾਤਿ ਆਦਿਕ ਹੋ ਜਾਂਦਾ ਹੈ। ਐਸੀ ਭਗਤੀ ਉਹੀ ਮਨੁੱਖ ਕਰ ਸਕਦਾ ਹੈ ਜਿਸ ਪਾਸੋਂ ਪ੍ਰਭੂ ਆਪ ਕਰਾਂਦਾ ਹੈ-

ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ॥
ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ॥੭॥
ਭਗਤਾ ਕੀ ਜਤਿ ਪਤਿ ਏਕੋੁ ਨਾਮੁ ਹੈ ਆਪੇ ਲਏ ਸਵਾਰਿ॥
ਸਦਾ ਸਰਣਾਈ ਤਿਸ ਕੀ ਜਿਉ ਭਾਵੈ ਤਿਉ ਕਾਰਜੁ ਸਾਰਿ॥੮॥
ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰਿ॥
ਨਾਨਕ ਨਾਮੁ ਹਿਰਦੈ ਵਸੈ ਭੈ ਭਗਤੀ ਨਾਮਿ ਸਵਾਰਿ॥੯॥੧੪॥੩੬॥
(ਆਸਾ ਮ: ੩ ਪੰਨਾ ੪੨੯)


www.AKJ.Org

# ਮੂਲੀਆਂ, ਮੂੰਗਰੇ ਤੇ ਤੇਲਾ

*(ਭਾਈ ਸਾਹਿਬ ਭਾਈ ਵੀਰ ਸਿੰਘ)*

ਅਜਕਲ ਦੀ ਬਹਾਰ ਲੋਕੀਂ ਮੂੰਗਰੇ ਬੜੇ ਪ੍ਰੇਮ ਨਾਲ ਛਕਦੇ ਹਨ. ਕੀ ਆਪ ਨੂੰ ਮਾਲੂਮ ਹੈ ਕਿ ਇਹ ਕਿੱਥੋਂ ਆਉਂਦੇ ਹਨ ? ਪੋਹ ਦੇ ਮਹੀਨੇ ਕਿਰਸਾਨ ਲੋਕ ਮੂਲੀਆ ਪੁੱਟ ਕੇ ਉਹਨਾਂ ਨੂੰ ਹੇਠੋਂ ਵੱਢ ਸਿੱਟਦੇ ਹਨ. ਤੇ ਪੱਤਰ ਖੋਹ ਸਿੱਟਦੇ ਹਨ. ਇਨ੍ਹਾਂ ਡੱਕਾ ਨੂੰ ਫੇਰ ਜ਼ਮੀਨ ਵਿਚ ਲਾ ਦਿੰਦੇ ਹਨ ਤੇ ਪਾਣੀ ਦਿੰਦੇ ਹਨ। ਕੁਦਰਤ ਕਰਤਾਰ ਦੀ. ਇਸ ਮੂਲੀ ਨੂੰ ਨਵੇਂ ਪੱਤਰ ਨਿਕਲਦੇ ਹਨ ਅਰ ਵਿਚਕਾਰ ਗੰਦਲ ਪੈਂਦੀ ਹੈ. ਇਸ ਗੰਦਲ ਦੇ ਸਿਰ ਤੇ ਪਹਿਲੇ ਛੋਟੇ ਛਟੇ ਸਾਵੇ ਸਾਵੇ ਦਾਣੇ ਪੈਦਾ ਹੁੰਦੇ ਹਨ. ਇਹਨਾਂ ਦਾਣਿਆ ਨੂੰ ਦੇਖ ਕੇ ਕਿਰਸਾਨ ਖੁਸ਼ ਹੁੰਦਾ ਹੈ ਕਿ ਇਹ ਫੁਲ ਖਿੜਨਗੇ ਅਰ ਮੂੰਗਰੇ ਲੱਗਣਗੇ। ਪਰ ਕਈ ਵੇਰ ਇਹ ਤਮਾਸ਼ਾ ਹੁੰਦਾ ਹੈ ਕਿ ਗੰਦਲ ਵਧਦੀ ਆਉਂਦੀ ਹੈ. ਉਹ ਸਾਵੇ ਸਾਵੇ ਦਾਣੇ ਬੀ ਵਡੇਰੇ ਹੁੰਦੇ ਜਾਂਦੇ ਹਨ. ਪਰ ਹਾਇ ਸ਼ੋਕ । ਕਿਰਸਾਨ ਦੀਆ ਉਤਸ਼ਾਹ ਭਰੀਆ ਅੱਖੀਆ ਫੁੱਲਾ ਨੂੰ ਨਹੀਂ ਪਾ ਸਕਦੀਆ. ਸਗੋਂ ਉਹਨਾ ਸਾਵੇ ਸਾਵੇ ਦਾਣਿਆ ਨੂੰ ਕਾਲੀਆ ਕਾਲੀਆ ਅਰ ਬਰੀਕ ਬਰੀਕ ਟੰਗ ਨਿਕਲ ਪੈਂਦੀਆਂ ਹਨ ਅਰ ਕੁਛ ਦਿਨਾ ਮਗਰੋਂ ਉਹ ਟੰਗਾ ਵਾਲੇ ਮੂੰਗਰੇ ਰਿੜ੍ਹਨ ਲਗ ਪੈਂਦੇ ਹਨ। ਕਾਰੀਗਰ ਕਿਰਸਾਨ ਤਾ ਸਮਝਦੇ ਹਨ. ਪਰ ਅਨਾੜੀ ਕਿਰਸਾਨ ਅਜੇ ਬੀ ਮੂੰਗਰਿਆ ਦੀ ਉਮੈਦ ਵਿਚ ਹੁੰਦਾ ਹੈ ਫੇਰ ਝਬਦੇ ਹੀ ਉਨ੍ਹਾ ਟਗਾ ਵਾਲੇ ਦਾਣਿਆ ਨੂੰ ਚਿੱਟੇ ਖੰਭ ਨਿਕਲ ਪੈਂਦੇ ਹਨ ਅਰ ਉਹ ਹਵਾ ਵਿਚ ਉਡਦੇ ਫਿਰਦੇ ਹਨ. ਇਹਨਾ ਨੂੰ ਤੇਲਾ ਕਹਿੰਦੇ ਹਨ। ਇਸ ਭਾਗੋ ਭਰੇ ਤਿੰਨ ਸ਼ਕਲਾ ਪਲਟਣ ਵਾਲੇ ਕੀੜੇ ਦੀ ਕ੍ਰਿਪਾ ਦਾ ਫਲ ਇਹ ਹੁੰਦਾ ਹੈ ਕਿ ਮੂੰਗਰੇ ਨਹੀਂ ਪੈਂਦੇ. ਮੂਲੀਆਂ ਦਾ ਜੋਬਨ ਤੇ ਕ੍ਰਿਸਾਨ ਦੀ ਮਿਹਨਤ ਅਸਫਲ ਜਾਂਦੀ ਹੈ। ਹੁਣ ਆਪ ਹੈਰਾਨ ਹੋਵੇਗੇ ਕਿ ਇਹ ਪੈਦਾ ਕਿੱਕੁਰ ਹੋ ਜਾਂਦੇ ਹਨ। ਸੋ ਇਉਂ ਹੁੰਦੇ ਹਨ. ਜਿਥੇ ਮੂਲੀਆਂ ਨੂੰ ਪਾਣੀ ਬਾਹਲਾ ਮਿਲੇ ਜਾਂ ਛਾਂ ਰਹੇ. ਸੂਰਜ ਦੀ ਧੁੱਪ ਨਾ ਲਗੇ. ਓਥੇ ਮੂਲੀਆ ਨੂੰ ਤੇਲਾ ਪੈ ਜਾਂਦਾ ਹੈ। ਕਾਰਣ ਇਹ ਹੁੰਦਾ ਹੈ ਕਿ ਸੂਰਜ ਦੀ ਧੁੱਪ ਉਸ ਜ਼ਹਿਰੀਲੇ ਮਾਦੇ ਨੂੰ. ਜੋ ਮੂਲੀਆਂ ਦੀ ਗੰਦਲ ਪਰ ਪੈਦਾ ਹੁੰਦਾ ਹੈ ਅਰ ਉਨ੍ਹਾਂ ਕੀੜਿਆ ਨੂੰ. ਜੋ ਗੰਦਲਾ ਪਰ ਆਂਡੇ ਦੇ ਜਾਂਦੇ ਹਨ. ਦੂਰ ਕਰ ਸਕਦੀ ਹੁੰਦੀ ਹੈ. ਸੋ ਨਾ ਹੋਣੇ ਤੇ ਨਮੀ ਦੀ ਬਹੁਤੈਤ ਕਰਕੇ ਗੰਦਲ ਦਾ ਉਹ ਜ਼ੋਰ. ਜੋ ਮੂੰਗਰੇ ਪੈਦਾ ਕਰਦਾ ਹੈ ਇਨ੍ਹਾਂ ਕੀੜਿਆ ਦੀ ਖੁਰਾਕ ਵਿਚ ਖਰਚ ਹੋ ਜਾਦਾ ਹੈ। ਏਹ ਘਰ ਦੇ ਵੈਰੀ. ਬੁੱਕਲ ਦੇ ਸੱਪ. ਅਪਣੀ ਜ਼ਿੰਦਗੀ ਤੇ ਆਧਾਰ ਦੇ ਸੋਮੇਂ-ਮੂਲੀ- ਨੂੰ ਹੀ ਅਫੱਲ ਤੇ ਔਤਰਿਆ ਕਰ ਦੇਂਦੇ ਹਨ. ਅਰ ਰਲਕੇ ਹੋਰ ਹੋਰ ਥਾਵਾ ਤੇ ਉਡਦੇ ਫਿਰਦੇ ਅਰ ਗੰਦਲਾਂ ਪੁਰ ਅੰਡੇ ਦੇਂਦੇ ਹਨ। ਅੰਞਾਣ ਕਿਰਸਾਣ ਦਾ ਤਾ ਇਹ ਜ਼ਰੂਰ ਨਾਸ ਕਰ ਦੇਂਦੇ ਹਨ ਕਿਉਂਕਿ ਇਨ੍ਹਾਂ ਦੀ ਪਹਿਲੀ ਸਾਵੀ ਸੂਰਤ ਕੁਝ ਪਤਾ ਨਹੀਂ ਲੱਗਣ ਦੇਂਦੀ ਕਿ ਏਹ ਡਡੀਆ ਹਨ ਕਿ ਤੇਲੇ ਦੇ ਬੱਚੇ. ਇਸ ਧੋਖੇ ਵਿਚ ਪਲ ਪਲ ਕੇ ਜਦ ਕਿਰਸਾਣ ਨੂੰ ਅਪਣਾ ਅਸਲੀ ਸਰੂਪ ਦਿਖਾਲਦੇ ਹਨ. ਉਸ ਵੇਲੇ ਤਕ ਲਾ-ਇਲਾਜ ਹੋ ਜਾਂਦੇ ਹਨ. ਮੂਲੀ ਵਿਚ ਰਸ ਨਹੀਂ ਰਹਿੰਦਾ ਤੇ ਇਹ ਖਹਿੜਾ ਨਹੀਂ ਛੱਡਦੇ। ਸਿਆਣੇ ਕਿਰਸਾਣ ਮੂਲੀਆਂ ਧੁੱਪੇ ਲਾਉਂਦੇ ਹਨ. ਪਾਣੀ ਵਿਤ ਦਾ ਦੇਂਦੇ ਹਨ. ਜੇ ਕਿਤੇ ਤੇਲੇ ਦਾ ਸ਼ੱਕ ਪਵੇ ਤਦ ਕੌੜੀ ਸੁਆਹ ਗੰਦਲਾ ਪਰ ਕੇਰਦੇ ਹਨ. ਜਿਸ ਕਰਕੇ ਤੇਲਾ ਮਰ ਜਾਂਦਾ ਹੈ।

*ਹੁਣ ਘਟਾਓ । ਮੂਲੀ ਦਾ ਡੱਕ ਕੌਮੀ ਮਜਲਸਾਂ ਹਨ. ਮੂੰਗਰੇ ਕੌਮੀ ਆਸ਼ਰਮ ਹਨ. ਤੇਲਾ ਖ਼ੁਦਗਰਜ਼ ਮੈਂਬਰ ਹਨ. ਜੋ ਠੀਕ ਉਪਰ ਲਿਖੇ ਢੰਗ ਨਾਲ ਵਿਚ ਵਿਚ ਰਲਕੇ ਸਭ ਤਰ ਤਾਜ਼ਗੀ ਚੱਟਮ ਕਰ ਜਾਂਦੇ ਹਨ। ਕ੍ਰਿਸਾਣ ਕੌਮ ਦੇ ਸਿਆਣੇ ਹਨ. ਜਿਨ੍ਹਾਂ ਦਾ ਧਰਮ ਖੋਟੇ ਖਰੇ ਦੀ ਪਛਾਣ ਤੇ ਇਲਾਜ ਕਰਨਾ ਹੁੰਦਾ ਹੈ ਜੋ ਕੌਮਾਂ ਤੇਲੇ ਦੀ ਪਛਾਣ ਪਹਿਲੇ ਹੀ ਨਹੀਂ ਕਰਦਿਆਂ ਓਹ ਜਦ ਕਦ ਖ਼ਤਾ ਖਾਂਦੀਆਂ ਹਨ। ਜਦ ਅੱਠਵੇਂ ਪਹਿਰ ਵਿਚ ਪਤਾ ਲਗਦਾ ਹੈ. ਤਦ ਚਿੜੀਆਂ ਚੁਗ ਗਈ ਖੇਤ ਵਾਲੀ ਗੱਲ ਹੋ ਜਾਂਦੀ ਹੈ*

*ਪਿਆਰੇ ਪਾਠਕੋ । ਕਿਆ ਤੇਰੀ ਕੌਮ ਦੇ ਮੂਲੀ ਡੱਕਾਂ ਨੂੰ ਮੂੰਗਰੇ ਪਏ ਹਨ ਯਾ ਤੇਲਾ ? ਜੇ ਤੇਲਾ ਪਿਆ ਹੈ ਤਾਂ ਇਸ ਤੇਲੇ ਦਾ ਇਲਾਜ ਤੈਂ ਕੀ ਕੀਤਾ ਹੈ ? ਜੇ ਕੁਝ ਨਹੀਂ ਕੀਤਾ. ਤਦ ਦੱਸ ਤੇਰੀ ਕੌਮ ਕਿਕੁਰ ਫੁੱਲੇ ਫਲੇਗੀ ?*



www.AKJ.Org

# "ਕਉਨ ਬਨੇਗਾ ਕਰੋੜਪਤੀ ?''
## ਆਉ ਗੁਰੂ ਗੁਰੂ ਗ੍ਰੰਥ ਸਾਹਿਬ ਕੋਲੋਂ ਪੁਛੀਏ

*(ਭਗਵੰਤ ਸਿੰਘ ਦਲਾਵਰੀ)*

ਮਲੇਰੀਆਂ ਤੇ ਟਾਈਫਾਈਡ ਦੇ ਅਸਰ ਹੇਠਾ ਕਮਜ਼ੋਰੀ ਆਣ ਕਰਕੇ ਅਜ ਕਲ ਮੈਂ ਦਿਨੇ ਤਪੋਵਨ ਰਹਿੰਦਾ ਹਾਂ ਪਰ ਰਾਤ ਨੂੰ ਸ਼ਹਿਰ ਵਿਚ ਇਕ ਸਿੱਖ ਪਰਿਵਾਰ ਦੇ ਘਰ ਚਲਾ ਜਾਂਦਾ ਹਾਂ ਤਾ ਜੋ ਘਰ ਦੀ ਰੋਟੀ ਖਾ ਸਕਾਂ (ਤੇ ਦਿਨ ਲਈ ਵੀ ਡਬਾ ਉਥੋਂ ਹੀ ਲਿਆਉਂਦਾ ਹਾਂ) ਤਾਂ ਜੋ ਸਿਹਤ ਪੂਰੀ ਤਰ੍ਹਾਂ ਠੀਕ ਹੋ ਜਾਏ। ਮੇਰੇ ਕੋਲ ਤਪੋਵਨ ਵਿਚ ਨਾ ਟੀ. ਵੀ. ਹੈ, ਨਾ ਫਰਿਜ਼ ਤੇ ਨਾ ਕੂਲਰ ਪਰ ਅੰਮ੍ਰਿਤ ਵੇਲੇ ਹਰਮੰਦਰ ਸਾਹਿਬ ਤੋਂ ਸ਼ਬਦ ਕੀਰਤਨ ਰੇਡੀਓ ਜਲੰਧਰ ਤੋਂ ਗੁਰੂ ਦੀ ਮਿਹਰ ਨਾਲ ਰੋਜ਼ਾਨਾ ਸੁਣਦਾ ਹਾ। ਹੁਣ ਟੀ. ਵੀ. ਤੇ ਹਰਮੰਦਰ ਸਾਹਿਬ ਤੋਂ ਸ਼ਬਦ ਕੀਰਤਨ ਸੁਨਣ ਦਾ ਮੌਕਾ ਮਿਲਦਾ ਹੈ ਅਤੇ ਨਾਲ ਹੀ ਦਰਬਾਰ ਸਾਹਿਬ ਦੇ ਦਰਸ਼ਨਾਂ ਦਾ ਵੀ। ਗੁਰੂ ਨੇ ਹੋਰ ਕਿਰਪਾ ਕੀਤੀ ਕਿ ਜਦੋਂ ਬੀਮਾਰ ਸਾਂ, ਉਦੋਂ ਵੀ ਅੰਮ੍ਰਿਤ ਵੇਲੇ ਦਾ ਅੰਮ੍ਰਿਤ ਪੀਂਦਾ ਰਿਹਾ।

ਅਖਬਾਰਾਂ ਵਿਚ ਚਰਚਾ ਪੜਦਾ-ਸੁਣਦਾ ਸਾ ਤੇ ਇਸ਼ਤਿਹਾਰਬਾਜ਼ੀ ਵੀ ਬਹੁਤ ਸੀ ਪਰ ਕਿਉਂਕਿ ਨਾ ਕਰੋੜਪਤੀ ਬਨਣ ਦਾ ਚਾ ਸੀ ਤੇ ਨਾ ਹੀ ਟੀ. ਵੀ. ਦੇਖਣ ਦਾ, ਇਹ ਤਮਾਸ਼ਾ ਕਦੇ ਤਕਿਆ ਨਹੀਂ ਸੀ। ਪਰ ਅੱਜ ਅੰਮ੍ਰਿਤ ਵੇਲੇ ਮੈਨੂੰ ਇਉਂ ਲਗਾ ਕਿ ਮੈਂ ੧੦੦ ਕਰੋੜ ਦਾ ਖਜ਼ਾਨਾ ਜਿਤ ਲਿਆ ਹੈ। ੧੯.੧੦.੨੦੦੦ ਦੀ ਰਾਤ ਨੂੰ ਪਹਿਲੀ ਵਾਰ ਇਕ ਬੰਦੇ ਨੇ ਇਕ ਕਰੋੜ ਦਾ ਇਨਾਮ ਜਿਤਿਆ ਸੀ ਉਸ ਖੇਡ ਵਿਚ ਜਿਹੜੀ ਸਟਾਰ ਪਲੱਸ ਵਾਲੇ ਅਮਿਤਾਬ ਬੱਚਨ ਕੋਲੋਂ ਪੇਸ਼ ਕਰਵਾਦੇ ਹਨ।

ਮੈਂ ਘਰ ਵਾਲਿਆਂ ਨੂੰ ਕਹਿ ਰਿਹਾ ਸੀ ਕਿ ਜਿਸ ਨੇ ਇਕ ਕਰੋੜ ਜਿੱਤਿਆ ਹੈ ਕੁਝ ਦਿਨਾਂ ਵਿਚ ਉਸ ਦੀਆਂ ਪ੍ਰੇਸ਼ਾਨੀਆਂ ਵੀ ਸੁਣਾਂਗੇ ਕਿਉਂਕਿ ਪਿੱਛੇ ਕਾਰਗਿਲ ਲੜਾਈਆਂ ਦੀਆਂ ਵਿਧਵਾਵਾਂ ਨੂੰ ਲੱਖਾ ਦੇ ਚੰਦੇ ਉਹਨਾਂ ਦੇ ਘਰ ਦੇ ਬੰਦਿਆ (ਸੱਸ, ਸਹੁਰਾ, ਦੇਵਰ, ਜੇਠ ਤੇ ਕਦੇ ਮਾ-ਪਿਉ ਵੀ) ਵੱਲੋਂ ਤਾਹਨੇ, ਜ਼ੁਲਮ ਤੇ ਕਿਤੇ-ਕਿਤੇ ਕਤਲ ਵੀ ਦੇਖਣਾ ਪਿਆ ਹੈ। ਮੈਂ ਕਿਹਾ ਕਰਦਾ ਹਾਂ, ਬਹੁਤਾ ਪੈਸਾ ਬਰਬਾਦੀ ਦਾ ਕਾਰਨ ਬਣਦਾ ਹੈ। ਨਾਜਾਇਜ਼ ਤੇ illgotten ਇੱਕਠਾ ਕੀਤਾ ਪੈਸਾ ਤਾਂ ਦੁਖ ਦਿੰਦਾ ਹੈ, ਜਾਇਜ਼ ਤਰੀਕੇ ਨਾਲ ਇੱਕਤ੍ਰ ਕੀਤਾ ਬਹੁਤਾ ਪੈਸਾ ਵੀ ਮੱਤ ਮਾਰ ਦਿੰਦਾ ਹੈ ਤੇ ਮਾਇਆ, ਹੰਕਾਰ ਤੇ ਦੁਰਮਤ ਦਾ ਸ਼ਿਕਾਰ ਹੋ ਕੇ ਬੰਦਾ ਆਪਣਾ ਆਪ ਭੁੱਲ ਜਾਂਦਾ ਹੈ। ਖੈਰ ਇਸ ਬੰਦੇ ਨਾਲ ਜੋ ਕੁਝ ਹੋਵੇਗਾ ਪਤਾ ਨਹੀਂ, ਪਰ ਮੈਨੂੰ ਗੁਰੂ ਕੋਲੋ ਅੱਜ ਸਵੇਰੇ ਜਿਹੜਾ ਸੌ ਕਰੋੜ ਜਾਂ ਇਉਂ ਕਹਵਾਂ (ਅਮੁਲ ਵਸਤੂ) ਦਾ ਮਾਲ ਮਿਲਿਆਂ ਉਸ ਦੀ ਗੱਲ ਕਰਦਾ ਹਾਂ।

ਕੱਲ ਟੀ.ਵੀ.ਤੇ ਅੰਮ੍ਰਿਤ ਵੇਲੇ ੪ ਵਜੇ ਦਰਬਾਰ ਸਾਹਿਬ ਦਾ ਪ੍ਰੋਗਰਾਮ ਦੇਖਣ ਲੱਗਾ ਤਾਂ ਕੁਝ ਮਿੰਟ ਰਹਿੰਦੇ ਸਨ। ਗਿਆਨੀ ਸੰਤ ਸਿੰਘ ਮਸਕੀਨ ਜੀ ਦਾ ਚਿਹਰਾ ਦੇਖਿਆ ਤੇ ਅਵਾਜ਼ ਸੁਣੀ, ਲੜੀਵਾਰ ਰੋਜ਼ ਕਥਾ ਕਰਨ ਦੀ ਗੱਲ ਕਹਿ ਰਹੇ ਸਨ।

ਅੱਜ ਇਸ ਖਿਆਲ ਨਾਲ ਕਿ ਸ਼ਾਇਦ ਮਸਕੀਨ ਜੀ ਦੀ ਕਥਾ ੩.੩੦ ਵਜੇ ਸ਼ੁਰੂ ਹੁੰਦੀ ਹੋਵੇ, ਟੀ.ਵੀ. ਅੱਗੇ ਜਾ ਬੈਠਾ। ਸਚਮੁਚ ਕੀਰਤਨ ਸੋਹਿਲੇ ਦੇ ਪਹਿਲੇ ਸ਼ਬਦ ਦੀ ਵਿਆਖਿਆ ਉਹਨਾਂ ਕੀਤੀ। ਕਿਉਂਕਿ ਇਹ ਇਨਾਮ ਅਚਾਨਕ ਮਿਲਿਆ ਸੀ, ਮਨ ਗਦਗਦ ਕਰ ਉਠਿਆ ਤੇ ਖਾਸ ਗੱਲਾਂ ਨੋਟ ਕੀਤੀਆਂ।

੧. ਜਦੋਂ ਕੁੜੀ ਵਿਆਹੀ ਜਾਂਦੀ ਹੈ ਤਾਂ ਉਸ ਵਿਚ ਵੈਰਾਗ ਹੁੰਦਾ ਹੈ ਮਾਪੇ, ਭੈਣ-ਭਰਾ ਛੱਡਣ ਦਾ ਤੇ ਖੁਸ਼ੀ ਹੁੰਦੀ ਹੈ ਪਤੀ ਨੂੰ ਪਾਉਣ ਦੀ।

੨. ਕੁਛ ਛੱਡ ਕੇ, ਗੁਆ ਕੇ ਹੀ ਬੰਦਾ ਕੁਝ ਪਾ ਸਕਦਾ ਹੈ, ਪਰ ਕਮਾਲ ਇਹ ਹੈ ਕਿ ਜੇ ਬੰਦਾ ਆਪਣਾ ਆਪ ਗੁਆਣ ਨੂੰ ਤਿਆਰ ਹੋ ਜਾਏ ਤਾਂ ਪ੍ਰਾਪਤੀਆਂ ਬਹੁਤ ਵਡੀਆਂ ਹੁੰਦੀਆਂ ਹਨ। ਇਕ ਬੀਜ ਕੇਵਲ ਵੱਡਾ ਦਰਖਤ ਹੀ ਨਹੀਂ ਬਣਦਾ ਤੇ ਫੁਲ ਫੁਲ ਪੈਦਾ ਕਰਦਾ ਹੈ, ਸਗੋਂ ਹਜ਼ਾਰਾਂ ਬੀਜ ਵੀ ਤਿਆਰ ਕਰਦਾ ਹੈ ਪਰ ਜਦ ਆਪਣਾ ਆਪ ਮਿਟਾ ਦਿੰਦਾ ਹੈ।



www.AKJ.Org

੩. ਜੇ ਕਰਤੇ ਦੀ ਕੀਰਤ ਕਰ-ਕਰ ਕੇ ਸਾਡੀ ਝੋਲੀ ਫੈਲਦੀ ਹੈ ਤਾ ਬਰਕਤਾ ਵੀ ਬੜੀਆਂ ਪੈਂਦੀਆ ਹਨ ਇਸ ਵਿਚ। ਯਾਦ ਰੱਖੀਏ ਸਾਡੀ ਝੋਲੀ ਛੋਟੀ ਪੈਂਦੀ ਹੈ। ਵਾਹਿਗੁਰੂ ਦੀਆਂ ਬਖਸ਼ਿਸ਼ਾ ਮੁਕਦੀਆਂ ਨਹੀਂ ਮਰੀਜਾ ਨਾਲ ਮੈਂ ਇਕ ਭਜਨ ਪੜ੍ਹਦਾ ਹਾਂ-``ਤੇਰੇ ਕਰਮ ਸੇ ਬੇਨਿਆਜ਼ ਕਉਨ ਸੀ ਸ਼ੈ ਮਿਲੀ ਨਹੀਂ। ਝੋਲੀ ਹੀ ਮੇਰੀ ਤੰਗ ਹੈ ਤੇਰੇ ਯਹਾ ਕਮੀ ਨਹੀਂ।``

੪. ਹਰ ਇਕ ਦਾ ਸਮਾਂ ਮਿਥਿਆ ਹੈ ਪ੍ਰਭੂ ਕੋਲ ਜਾਣ ਦਾ ਤੇ ਹਰ ਵਿਚ ਸੱਦੇ ਆਉਂਦੇ ਹਨ ਪਰ ਕਿਉਂਕਿ ਅਸੀਂ ਬੇਧਿਆਨੇ ਦ੍ਰਿਸ਼ਟ ਵਿਚ ਫਸੇ ਰਹਿੰਦੇ ਹਾਂ, ਸਾਨੂੰ ਸੁਣਾਈ ਨਹੀਂ ਦੇਂਦੇ।

੫ ਨਿਤ ਨਿਤ ਉਹਦੀ ਯਾਦ ਕ੍ਰੀਏ। ਭੋਜਨ ਦੋ ਵੇਲੇ ਕਰਦੇ ਹਾ ਤਾ ਭਜਨ ਵੀ ਦੋਵੇਂ ਵੇਲੇ ਕਰੀਏ। ਇਕ ਵਕਤ ਭੋਜਨ ਦਾ ਸਮਾਂ ਨਾ ਮਿਲੇ ਤਾਂ ਯਾਦ ਕਰਦੇ ਰਹਿੰਦੇ ਹਾਂ ਅਜ ਭੋਜਨ ਦਾ ਸਮਾ ਨਹੀਂ ਮਿਲਿਆ। ਕਦੇ ਕਿਹਾ ਹੈ ਅਸਾ- ਮਨ ਬੜਾ ਖਰਾਬ ਹੈ ਅਜ ਅੰਮ੍ਰਿਤ ਵੇਲਾ ਰਹਿ ਗਿਆ। ਹਾਂ, ਬਾਬਾ ਫਰੀਦ ਜੀ ਇਕ ਦਿਨ ਨਮਾਜ਼ ਨਾ ਪੜ ਸਕੇ ਤਾ ਚੀਖ ਉਠੇ, ``ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥ ਜਾਇ ਪੁਛਹੁ ਡੋਹਾਗਣੀ ਤੁਮ ਕਿਉਂ ਰੈਣਿ ਵਿਹਾਇ``॥੩੦॥ (ਪੰਨਾ ੧੩੭੯)

ਕੀ ਅਸੀਂ ਸਿੱਖ ਲੋਗ ਸਮਝ ਪਾਏ ਹਾ ਕਿ ਅਸਲੀ ਧਨ ਕੀ ਹੁੰਦਾ ਹੈ ਤੇ ਅਸਲੀ ਕਰੋੜਪਤੀ ਕੀ ? ਵੇਖੋ ਗੁਰੂ ਦੀਆ ਗੱਲ :

ਜਿਨ ਕੈ ਪਲੈ ਧਨੁ ਵਸੈ, ਤਿਨ ਕਾ ਨਾਉ ਫਕੀਰ॥
ਜਿਨ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ॥ (ਪੰਨਾ ੧੨੮੭)

ਤਾ ਤੇ ਕਰੋੜਪਤੀ ਬਣਿਆ ਬੰਦਾ ਮੰਗਤਾ ਬਣ ਗਿਆ। ਮੈਂ ਕਈ ਵਾਰ ਹੇਠਲਾ ਸਲੋਕ ਪੜ੍ਹ ਕੇ ਕਿਹਾ ਕਰਦਾ ਹਾਂ ਕਿ ਅਸੀਂ ਸਾਰੀ ਉਮਰ ``ਲਾਸ਼`` ਬਨਣ ਲਈ ਮਿਹਨਤਾਂ ਕਰਦੇ ਰਹਿੰਦੇ ਹਾਂ।

ਅਤਿ ਸੁੰਦਰ ਕੁਲੀਨ ਚਤੁਰ, ਮੁਖਿ ਙਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ, ਜਿਹ ਪ੍ਰੀਤਿ ਨਹੀ ਭਗਵੰਤ॥ (ਪੰਨਾ ੨੫੩)

ਗੁਰੂ ਦੀ ਮਤਿ ਹੈ ਕਿ ਭਾਵੇਂ ਕੋਈ ਬਹੁਤ ਸੁੰਦਰ ਹੋਵੇ, ਵਡੀ ਕੁਲ ਦਾ ਹੋਵੇ, ਬਹੁਤ ਸਿਆਣਾ ਲੈਕਚਰਾਰ ਹੋਵੇ ਤੇ ਭਾਵੇਂ ਵਡਾ ਧਨਾਢ ਹੈ, ਜੇ ਉਸਦੇ ਹਿਰਦੇ ਵਿਚ ਪ੍ਰਭੂ ਦਾ ਪਿਆਰ ਨਹੀਂ ਤਾ ਉਹ ``ਲਾਸ਼`` ਹੈ, ਮੋਇਆ ਹੋਇਆ ਹੈ। ਕਮਾਲ ਦੀ ਗੱਲ ਹੈ ਕਿ ``ਕਰੋੜਪਤੀ`` ਬਨਣ ਦੇ ਚਾਹਵਾਨ ਨੂੰ ਇਹ ਪਤਾ ਨਹੀਂ ਕਿ ਉਹ ਦੁਖ ਸਹੇੜ ਰਿਹਾ ਹੈ। ਗੁਰੂ ਦੇ ਹੁਕਮਾ ਦੀ ਪਛਾਣ ਕਰੀਏ।

੧. ਇਕ ਤਾਂ ਪੈਸਾ ਨਾਲ ਨਹੀਂ ਜਾਏਗਾ ਤੇ ਇਥੇ ਵੀ ਦੁਖ, ਬੇਸ਼ਰਮੀ, ਮਨ ਦੀਆ ਚੋਟਾਂ ਦ ਕਾਰਣ ਬਣੇਗਾ, ਦੂਜਾ ਦੁਸ਼ਮਨਾਂ, ਲੁਟੇਰਿਆਂ, ਬਦਮਾਸ਼ਾ ਦੇ ਇਲਾਵਾ ਘਰ ਦਿਆਂ ਲੋਕਾ ਦੀਆ ਨਜ਼ਰਾ ਵਿਚ ਆਕੇ ਜਲੀਲ ਹੋਵੇਗਾ। ਵੇਖੋ ਗੁਰਮਤਿ :

(ੳ) ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ॥
ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ॥..(ਪੰਨਾ ੧੨੮੭)

(ਜੇ ਨਾਮ ਧਨ ਮਿਲ ਗਿਆ ਤਾ ਲਾਜ ਵੀ ਰਹੇਗੀ ਤੇ ਧਰਮ ਵੀ ਕਾਇਮ ਰਹੇਗਾ ਪਰ ਜਿਸ ਧਨ ਨਾਲ ਕਰੋੜਪਤੀ ਬਨਣਾ ਲੋਚਦੇ ਹਾਂ ਉਹ ਸਿਰ ਵਿਚ ਚੋਟਾ ਪਵਾਏਗਾ।)

(ਅ) ``ਹਰਿ ਜਸੁ ਰੇ ਮਨਾ ਗਾਇ ਲੈ, ਜੋ ਸੰਗੀ ਹੈ ਤੇਰੋ`` (ਪੰਨਾ ੭੨੭)

(ਨਾਮ ਧਨ ਤੋਂ ਇਲਾਵਾ ਕੁਝ ਨਾਲ ਨਹੀਂ ਜਾਂਦਾ।

(ੲ) ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥.. (ਪੰਨਾ ੭੦੭)

- ਟੁੱਟੀ ਹੋਈ ਝੋਪੜੀ ਵਿਚ ਰਹਿਣ ਵਾਲਾ ਜੇ ਹਰੀ ਨਾਮ ਨਾਲ ਰੰਗਿਆ ਹੋਇਆ ਹੈ ਤਾ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ।



www.AKJ.Org

ਸ) "ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਇ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਇ"॥ (ਪੰਨਾ ੭੪੫)

- ਦੁਨੀਆਵੀ ਧਨ ਨਾਲ ਦੂਹਰਾ ਨੁਕਸਾਨ ਹੋਵੇਗਾ। ਇਕ ਤਾ ਮਾਇਆ ਤੇ ਵਡਿਆਈ ਵਿਚ ਫਸ ਕੇ ਹੋਰ ਸੜੇਗਾ ਤੇ ਦੂਜਾ ਆਪਣਿਆ ਨੂੰ ਵੀ ਦੁਸ਼ਮਨ ਬਣਾ ਲਏਗਾ ਤੇ ਈਰਖਾ ਪੈਦ ਕਰੇਗਾ।

(ਹ) ਧਨ ਕਰਕੇ ਜੁੜੇ ਲੋਗ ਨਸ ਜਾਣਗੇ ਜਦ ਨਿਰਧਨ ਦੇਖਣਗੇ ਪਰ ਵਾਹਿਗੁਰੂ ਨਾਮ ਦਾ ਧਨ ਵਧਦਾ ਜਾਏਗੇ।

"ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ" (ਪੰਨਾ ੧੮੬)

ਆਉ ਹੁਣ ਸਮੁਚੀ ਵਿਚਾਰ ਨਾਲ ਵੇਖੀਏ ਕਿ ਦੁਨੀਆਵੀ ਧਨ ਦੇ ਮਗਰ ਲਗ ਕੇ ਜਾਂ "ਕਰੋੜਪਤੀ" ਬਨਣ ਦੇ ਝਾਂਸੇ ਵਿਚ ਫਸ ਕੇ ਜੀਵਨ ਬਰਬਾਦ ਕਰਨ ਦੀ ਥਾ ਗੁਰਮਤਿ ਰਾਹੀਂ ਸਦੀਵੀ ਸੁਖ ਤੇ ਸ਼ਾਤੀ (ਜਿਸ ਵਿਚ ਅਨੰਦਮਈ ਪਦਾਰਥਕ ਧਨ ਵੀ ਸ਼ਾਮਿਲ ਹੈ) ਲਈ ਹਮਲਾ ਮਾਰੀਏ ਤੇ ਤਨ-ਮਨ-ਧਨ-ਅਰਪਣ ਕਰ ਦੇਈਏ ਅਪਣੇ ਗੁਰੂ ਨੂੰ ਕਿਉਂਕਿ (੧) "ਗੁਰਪ੍ਰਸਾਦੀ ਸੋ ਹਰਿ ਹਰਿ ਪਾਈ ਜੀਉ॥ ਸਭ ਕਿਛੁ ਪ੍ਰਭ ਕਾ ਪ੍ਰਭ ਕੀਆ ਜਾਇ ਜੀਉ॥- (ਹਰੀ ਧਨ ਨਾਲ ਲੈ ਜਾਵਾਗੇ, (੨) ਸਤਿਗੁਰ ਕੀ ਐਸੀ ਵਡਿਆਈ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ" (ਪੰਨਾ ੬੬੧)- ਆਪਣੇ ਪਰਿਵਾਰ ਵਿਚ ਰਹਿੰਦਿਆ ਵੀ ਨਾਮ ਧਨ ਰਾਹੀਂ ਪਰਮਗਤੀ ਪਾ ਸਕਾਂਗੇ, (੩) "ਮਾਈ ਮੈ ਧਨੁ ਪਾਇਓ ਹਰਿ ਨਾਮੁ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ" (ਪੰਨਾ ੧੧੮੬) - (ਮਾਂ ਜਦੋਂ ਤੋਂ ਮੈਂ ਨਾਮ ਧਨ ਪਾਇਆ ਹੈ ਮੇਰਾ ਮਨ ਪੂਰੇ ਟਿਕਾਓ ਚੈਨ ਤੇ ਸ਼ਾਤੀ ਵਿਚ ਰਹਿੰਦ ਹੈ, ਉਕਾ ਹੀ ਦੌੜਦਾ ਨਹੀਂ), (੪) ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣ ਗਾਮ" (ਪੰਨਾ ੨੬੫)

ਸਟਾਰ ਪਲੱਸ ਤੇ ਜੀ ਟੀ. ਵੀ. ਵਲੇ ਹੁਣ ਲਗੇ ਹੋਏ ਨੇ ਲੋਕਾ ਨੂੰ ਕਰੋੜਪਤੀ ਬਨਾਣ ਦੇ ਲਾਲਚ ਵਿਚ, ਤੇ ਮਨ ਦਾ ਸੂਤਕ ਚਮੋੜਨ ਲਈ ਪ੍ਰੇਰ ਰਹੇ ਹਨ, ਪਰ ਸਾਡੇ ਗੁਰੂ ਨੇ ਪੂਰਨ ਆਜ਼ਾਦੀ ਬਖਸੀ ਸੀ ਪਾਰਜਾਤ (ਉਹ ਕਲਪਤ ਦਰਖਤ ਜਿਸ ਤੋਂ ਸਭ ਕੁਛ ਮਿਲ ਸਕਦਾ ਹੈ) ਤੇ ਕਾਮਧੇਨ (ਉਹ ਕਲਪਤ ਗਾ ਜੋ ਹਰ ਮੰਗ ਪੂਰੀ ਕਰਦੀ ਹੈ) ਅਸਲ ਵਿਚ ਹਰੀਨਾਮ ਹੀ ਹੈ। ਇਸ ਲਈ ਕਰੋੜਪਤੀ ਬਨਣ ਦੇ ਚਾਹਵਾਨ ਜਿਥੇ ਦੁਖ ਸਹੇੜ ਰਹੇ ਹਨ, ਗੁਰਮਤਿ ਦੇ ਧਾਰਨੀ ਰਾਜਯੋਗ ਮਾਣ ਕੇ, ਨਾਮ-ਕੀਰਤਨ ਵਿਚੋਂ ਖਟ ਰਹੇ ਹਨ ਪਰਮ ਸੁਖ- "ਮਾਈ ਮੇਰੇ ਮਨ ਕੋ ਸੁਖੁ॥ ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ" (ਪੰਨਾ ੭੧੭)

ਹੈ ਲਾਲਸਾ ਅਜੇ ਵੀ ਕਰੋੜਪਤੀ ਬਨਣ ਦੀ ?

---

(ਪੰਨਾ ੨ ਦਾ ਬਾਕੀ .....)

ਰਹਿਣੀ ਰਹੇ ਸੋਈ ਸਿਖ ਮੇਰਾ॥ ਉਹ ਸਾਹਿਬ ਮੈ ਉਸ ਕਾ ਚੇਰਾ॥

ਧੰਨ ਗੁਰੂ ਸਾਹਿਬ ! ਆਪਣੇ ਆਗਿਆਕਾਰੀ ਰਹਿਤਵਾਨ ਸਿੱਖਾਂ ਨੂੰ ਕਿੱਡੀ ਵਡਿਆਈ ਦਿੰਦੇ ਹਨ। ਵਡ ਵਡੀ ਵਡਿਆਈ ਗੁਰੂ ਕੀ ਰਹਿਤ ਨੂੰ ਹੈ, ਤੇ ਇਸ ਰਹਿਤ ਨਾਲ ਸੀਂਗਾਰੇ ਸਿੱਖ ਨੂੰ ਹੈ। ਸੋ ਗੁਰੁ ਹੁਕਮਾਈ ਰਹਿਤ ਪਰ ਚਲਣਾ ਹਰੇਕ ਸਿੰਘ, ਸੁਚਿਆਰ ਸਿੰਘ ਦਾ ਧਰਮ, ਭਾਵ ਫਰਜ਼ ਹੈ। ਚਾਹੇ ਕਿਤਨੀ ਭੀ ਕਠਨਾਈ ਪੇਸ਼ ਆਵੇ। ਗੁਰੂ-ਹੁਕਮਾਂ ਪਰ ਚਲਣਾ ਤੇ ਗੁਰ-ਬਚਨਾਂ ਨੂੰ ਕਮਾਵਣਾ ਸੱਚ ਗੁਰਮਤਿ-ਬਿਬੇਕ ਹੈ। ਰਹਿਤ-ਰਹਿਣੀਓਂ ਊਰਾ ਗਿਆਨ-ਬਿਬੇਕ ਗੁਰਮਤਿ ਅੰਦਰ ਪਰਵਾਨ ਨਹੀਂ। ਨਿਰਾ ਕਥਨੀ ਦੁਆਰਾ ਗਿਆਨ, ਤੇ ਰਹਿਤ ਨਾ ਰਖਣਾ ਇਹ ਮਨਮੁਖਤਾਈ ਦੇ ਲੱਛਣ ਕੁਲਛਣ ਹਨ।

ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥ ਸਾਚੀ ਰਹਤ ਸਾਚਾ ਮਨਿ ਸੋਈ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ....॥੩॥(੮॥੧)(ਬਿਲਾਵਲੁ ਅਸਟ: ਮ: ੧, ਪੰਨਾ ੮੩੧))

ਰਹਿਤ-ਰਹਿਣੀ ਦੇ ਕਿਸੇ ਅੰਗ ਨੂੰ ਭੰਗ ਕਰਨਾ ਸਿੱਖ ਸਿਦਕ ਦੇ ਰੰਗ ਨੂੰ ਭੰਗ ਕਰਨਾ ਹੈ। ਇਸ ਸਬੰਧ ਵਿਚ ਵਧੇਰੇ ਪੜ੍ਹੋ "ਅੰਮ੍ਰਿਤ ਕਲਾ" ਨਾਮੇ ਲੇਖ।



www.AKJ.Org

# ਨਾਮ-ਰਸ

ਇਕ ਭਜਨੀਕ ਗੁਰਸਿੱਖੜਾ ਨਗਰ ਕੀਰਤਨ ਦੇ ਲਾਹੇ ਪ੍ਰਾਪਤ ਕਰਨ ਪਿਛੋਂ ਵਾਪਿਸ ਘਰ ਪਰਤ ਰਿਹਾ ਸੀ। ਸ਼ਾਮ ਦੇ ਘੁਸਮੁਸੇ ਵਿਚ ਸੜਕ ਪਾਰ ਕਰਦਿਆ ਉਸਦਾ ਐਕਸੀਡੈਂਟ ਹੋ ਗਿਆ। ਕਿਸੇ ਗੁਰਸਿਖ ਦੀ ਹਿੰਮਤ ਨਾਲ ਉਸਨੂੰ ਹਸਪਤਾਲ ਪਹੁੰਚਾਇਆ ਜਾ ਰਿਹਾ ਸੀ ਕਿ ਰਸਤੇ ਵਿਚ ਹੀ ਉਸਨੂੰ ਹੋਸ਼ ਆ ਗਈ। ਉਹ ਕੀ ਦੇਖਦਾ ਹੈ ਕਿ ਉਸਦਾ ਮਨ ਮਹਾ ਅਨੰਦ ਨਾਲ ਸਿੰਜਿਆ ਜਾ ਰਿਹਾ ਹੈ। ਖਾਸ ਕਰਕੇ ਉਸਦੇ ਸਾਹਾਂ ਦੀ ਗਤੀ ਅੰਦਰ ਅੰਤਾ ਦੇ ਮਿਠੇ ਰਸ ਦੀ ਪੀਂਘ ਪਈ ਹੋਈ ਹੈ ਅਤੇ ਮਿੱਠੇ ਹਿਲੋਰਿਆਂ ਵਿਚ ਉਹ ਝੂਮ ਰਿਹਾ ਹੈ। ਇਸ ਅਨੰਦ ਦੇ ਲਹਿਰਿਆਂ ਵਿਚ ਹੀ ਉਸ ਨੂੰ ਆਪਣੇ ਮੂੰਹੋ ਉਚੀ ਉਚੀ ਨਿਕਲ ਰਹੇ, ਵਾਹਿਗੁਰੂ..... ਵਾਹਿਗੁਰੂ..... ।'' ਦੀ ਆਵਾਜ਼ ਕੰਨੀ ਪਈ। ਜਿਵੇਂ ਕੋਈ ਸੁਤਾ ਪਿਆ ਆਪਣੇ ਹੀ ਘੁਰਾੜੇ ਦੀ ਆਵਾਜ਼ ਨਾਲ ਜਾਗ ਪਏ। ਇਸੇ ਤਰ੍ਹਾਂ ਹੀ ਆਪਣੀ ''ਵਾਹਿਗੁਰੂ.....'' ਦੀ ਆਵਾਜ਼ ਨਾਲ ਹੀ ਉਸਦੀ ਵੀ ਅੱਖ ਖੁਲ੍ਹੀ। ਉਸਨੇ ਉਹ ਸਭ ਕੁਝ ਮਹਿਸੂਸ ਕੀਤਾ ਜੋ ਕੁਝ ਉਸਦੇ ਅੰਦਰ ਹੋ ਰਿਹਾ ਸੀ। ਨਵੀਂ ਕਿਸਮ ਦਾ, ਪਰਮ ਅਨੰਦ ਦਾ ਵਰਤਾਰਾ ਦੇਖ ਉਸਨੇ ਦੁਬਾਰਾ ਅਖੀਆ ਬੰਦ ਕਰ ਲਈਆਂ। ਤੇ ਫਿਰ ਉਸ ਨੂੰ ਕਿਸੇ ਦਰਦ ਨੇ ਜਗਾਇਆ। ਉਸਨੇ ਅਖੀਆ ਖੋਲ੍ਹੀਆ ਕਿਸੇ ਭੀੜ-ਭੱੜਕੇ ਵਾਲੀ ਸੜਕ ਤੋਂ ਉਸਨੂੰ ਲਿਜਾਇਆ ਜਾ ਰਿਹਾ ਸੀ। ਜਾਣੀ ਪਛਾਣੀ ਥਾਂ ਵੀ ਉਸਨੂੰ ਓਪਰੀ ਲਗ ਰਹੀ ਸੀ। ਉਸ ਨੂੰ ਇਹ ਨਹੀਂ ਸੀ ਯਾਦ ਆ ਰਿਹਾ ਕਿ ਉਹ ਕਿਥੋਂ ਆਇਆ ਸੀ .... ਉਸਨੇ ਆਪਣੇ ਦਿਮਾਗ ਉਤੇ ਬੋਝ ਪਾ ਕੇ ਕੁਝ ਯਾਦ ਕਰਨ ਦੀ ਕੋਸ਼ਿਸ਼ ਕੀਤੀ। ਪਹਿਲਾਂ ਤਾਂ ਇਉਂ ਲਗੇ ਕਿ ਉਸਦੀ ਯਾਦ-ਸ਼ਕਤੀ ਗੁਆਚ ਗਈ ਹੈ ਪਰ ਫਿਰ ਹੋਲੀ ਹੋਲੀ ਸਭ ਕੁਝ ਯਾਦ ਆਉਣ ਲੱਗਿਆ।

ਉਸਨੇ ਦੇਖਿਆ, ਉਸਦੇ ਕੇਸ ਖੁਲ੍ਹੇ ਪਏ ਹਨ ਤੇ ਲਹੂ ਨਾਲ ਭਿੱਜੇ ਪਏ ਹਨ। ਇਹ ਬਾਂਹ ਟੁੱਟੀ ਪਈ ਹੈ। ਹੱਥ ਦਾ ਅੰਗੂਠਾ ਆਪਣੀ ਥਾਂ ਤੋਂ ਹਿੱਲ ਕੇ ਅਜੀਬ ਢੰਗ ਨਾਲ ਥੱਕੇ ਲਟਕ ਰਿਹਾ ਸੀ। ਇਹ ਸਭ ਕੁਝ ਉਸਨੂੰ ਓਪਰੀ ਨਜਰੇ ਦਿਖ ਰਿਹਾ ਸੀ। ਉਸਦੇ ਅੰਦਰ ਮਹਾਂ-ਰਸ ਦਾ ਅਸਰ ਐਨਾ ਹਾਵੀ ਸੀ ਕਿ ਉਹ ਆਪਣੇ ਟੁੱਟੇ ਹਏ ਅੰਗਾਂ ਨੂੰ ਵੀ ਇਉਂ ਦੇਖ ਰਿਹਾ ਸੀ ਕਿ ਜਿਵੇਂ ਕਿਸੇ ਹੋਰ ਦੇ ਅੰਗ ਹੋਣ। ਅੰਦਰ ਤਾਂ ਬਸ ਅਨੰਦੋ-ਅਨੰਦ ਹੋਇਆ ਪਿਆ ਸੀ। ਅਨੰਦ ਦਾ ਰੰਗ ਐਨਾ ਗੂੜ੍ਹਾ ਸੀ ਕਿ ਦਰਦਾਂ ਦ ਨਾਮੋ-ਨਿਸ਼ਾਨ ਤਕ ਮਿਟਿਆ ਪਿਆ ਸੀ। ਉਹ ਅਨੰਦ ਦੀ ਹੀ ਖ਼ੁਮਾਰੀ ਹੋਵੇਗੀ, ਜਿਸਨੇ ਸਰੀਰਕ ਦਰਦਾਂ ਦੀ ਸੋਝੀ ਭੁਲਾਈ ਹੋਈ ਸੀ।

ਹੌਲੀ ਹੌਲੀ ਸਰੀਰਕ ਦਰਦਾ ਜਾਗਣ ਲੱਗੀਆ ਅਤੇ ਅੰਦਰਲਾ ਅਨੰਦ ਖੁੱਸਣ ਲੱਗਿਆ। ਬਥੇਰੀ ਕੋਸ਼ਿਸ਼ ਕੀਤੀ ਕਿ ਉਹ ਆਪਣੇ ਅੰਦਰੋ ਫੁੱਟੇ ਮਹਾ-ਰਸ ਸੋਮਿਆਂ ਨੂੰ ਸੰਭਾਲ ਲਵੇ, ਪਰ ਐਸਾ ਨਹੀਂ ਹੋ ਸਕਿਆ ''ਵਾਹਿਗੁਰੂ.... ਵਾਹਿਗੁਰੂ'' ਦੀ ਮਿਠੀ ਧੁਨੀ ਹਾਏ.... ਹਾਏ...... ਵਿਚ ਬਦਲ ਗਈ। ਚੀਖਾ ਕੁਰਲਾਹਟਾਂ ਵਿਚ ਬਦਲ ਗਈ। ਬਸ ਇਕ ਮਿੱਠੀ ਜਿਹੀ ਯਾਦ ਰਹਿ ਗਈ। ਇਹ ਯਾਦ ਉਸਦੀ ਜਿੰਦਗੀ ਦੀ ਇਕ ਅਮੋਲਕ ਜਾਇਦਾਦ ਸੀ। ਇਸ ਯਾਦ ਦੇ ਸਹਾਰੇ ਉਹ ਜਿੰਦਗੀ ਅਤੇ ਮੌਤ ਦੇ ਭੇਦ ਤੋਂ ਜਾਣੂ ਹੋਣ ਲਈ ਆਪਣੀਆ ਸੋਚਾਂ ਦੇ ਪੰਛੀ ਉਡਾਉਂਦਾ ਰਹਿੰਦਾ। ਕਦੀ ਕਦੀ ਉਸਨੂੰ ਇਉਂ ਲਗਦਾ ਕਿ ਜਿੰਦਗੀ ਅਤੇ ਮੌਤ ਦੇ ਵਿਚਕਾਰ ਕੁਝ ਪਲ ਐਸੇ ਹੁੰਦੇ ਹਨ ਜਦ ਬੰਦੇ ਦੀ ਰੂਹ ਨਾਮ-ਰਸ ਦੇ ਸੁਰਗੀ ਝੂਟਿਆ ਦੀ ਅਨੰਦ ਲੈਂਦੀ ਹੈ ਅਤੇ ਸਰੀਰ ਇੱਕਲਾ ਹੀ ਦਰਦਾਂ ਹੰਢਾਉਂਦਾ ਹੈ। ਉਹ ਇਸ ਹਿਸਾਬ ਕਿਤਾਬ ਵਿਚ ਪੈ ਜਾਂਦਾ ਕਿ ਐਕਸੀਡੈਂਟ ਹੋਣ ਦੇ ਸਮੇਂ ਤੋਂ ਹਸਪਤਾਲ ਦੇ ਰਸਤੇ ਵਿਚ ਦਰਦ ਜਾਗਣ ਤੱਕ ਕਿੰਨਾ ਸਮਾ ਸੀ ? ਜਿਹੜਾ ਉਸਨੇ ਮਹਾ-ਅਨੰਦ ਦੇ ਝੂਟੇ ਝੂਟਦਿਆ ਬਿਤਾਇਆ। ਕੀ ਏਨਾ ਸਮਾ ਬੰਦੇ ਨੂੰ ਮੌਤ ਸਮੇਂ ਅਨੰਦ ਮਈ ਅਵਸਥਾ ਦਾ ਮਿਲਦਾ ਹੋਵੇਗਾ ? ਜੇ ਸਰੀਰ ਤੋਂ ਅਲੱਗ ਹੋ ਕੇ ਅਸੀਂ ਐਨੇ ਵਡੇ ਸੁਖ ਦੀ ਪ੍ਰਾਪਤੀ ਕਰਦੇ ਹਾਂ, ਤਾਂ ਫਿਰ ਸਰੀਰ ਦੇ ਚੋਲੇ ਨੂੰ ਛਡਣਾ ਔਖਾ ਕਿਉਂ ਲਗਦਾ ਹੈ ? ਇਹ ਜਿਹੇ ਸਵਾਲ ਉਸ ਨੂੰ ਘੇਰੀ ਰੱਖਦੇ। ਪਰ ਉਹ ਸਭ ਕਾਸੇ ਤੋਂ ਪਿੱਛਾ ਛੁਡਾ ਕੇ ਸੁਰਤੀ ਦੇ ਖੰਭ ਚੁੱਕਦਾ ਤੇ ਜਾ ਬੈਠਦਾ ਉਸੇ ਸੜਕ ਉਤੇ.....। ਜਿਥੇ ਉਸਦਾ ਐਕਸੀਡੈਂਟ ਹੋਇਆ ਸੀ। ਫਿਰ ਉਹ ਹਸਪਤਾਲ ਦੇ ਰਸਤੇ ਦਾ ਦ੍ਰਿਸ਼ ਦੇਖਕੇ ਤੇ ਆਪਣੇ ਅਨੰਦ-ਮਈ ਝੂਟਿਆ ਵਿਚ ਆਪਣੇ ਸਾਹਾਂ ਨੂੰ ਲਿਜਾ ਕੇ ਉਹੀ ਰਸ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਜੋ ਕਦੀ ਉਸਨੇ ਮਾਣਿਆ ਸੀ।



www.AKJ.Org

ਇਕ ਵਾਰੀ ਉਹ ਸ੍ਰੀ ਗੁਰ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਜੁੜੀ ਹੋਈ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਸਿੱਜਦੇ ਕਰਨ ਲਈ ਗਿਆ। ਦਸ਼ਮੇਸ਼ ਪਿਤਾ ਦੇ ਪਿਆਰ ਦਾ ਰੰਗ ਉਸਦੇ ਸਿਮਰਨ ਨੂੰ ਹੋਰ ਵੀ ਉਛਾਲੇ ਦੇਈ ਜਾਵੇ। ਬਰਸਾਤ ਦੇ ਰੰਗੀਨ ਮੌਸਮ ਵਿਚ ਬੱਦਲਾ ਦੀਆ ਘਨਘੋਰ ਘਟਾਵਾ ਦੀ ਛਾ ਵਿਚ ਗੁਰੂ ਜੀ ਦਾ ਕੇਸਗੜ੍ਹ ਸਾਹਿਬ ਗੁਰਦਵਾਰਾ ਸਵਰਗੀ ਨਜਾਰਾ ਲੱਗੇ। ਦੂਰੋਂ ਹੀ ਕਲਗੀਆ ਵਾਲੇ ਦੀ ਭਾਗਾ ਭਰੀ ਥਾਂ ਦੇਖ ਕੇ ਚੋਜੀ ਪ੍ਰੀਤਮ ਦੇ ਨਿਆਰੇ ਚੋਜਾ ਦੀਆ ਯਾਦਾਂ ਘਟਾਵਾ ਬਣਕੇ ਬਰਸਣ ਲਗੀਆਂ। ਸਤਿਗੁਰਾ ਦੀ ਯਾਦ ਵਿਚ ਮਗਨ, ਅਜਪਾ-ਜਾਪ ਦਾ ਖੰਡਾ ਖੜਕਾਉਂਦਾ, ਉਹ ਸੁਧ ਬੁਧ ਵਿਸਰਹੀ ਵਾਹੋ-ਦਾਹੀ ਦੌੜਿਆ ਜਾਵੇ...। ਧੁਰ ਅੰਦਰੋਂ ਫੁਟ ਰਹੇ ਬਿਰਹੋਂ ਲਾਂਵਿਆ ਦੀਆ ਲਾਟਾਂ ਦੀ ਲਾਲੀ, ਉਸਦੀਆ ਗੋਰੀਆਂ ਗਲ੍ਹਾ ਤੇ ਮਸਤਕ ਦੇ ਤੇਜ ਥਾਣੀ ਟਪਕਣ ਲੱਗੀ। ਪ੍ਰੇਮ-ਰਸ ਦੇ ਹੜ੍ਹਾਂ ਨਾਲ ਨੱਕੋ-ਨੱਕ ਭਰੀਆ ਹੋਈਆ ਅਖੀਆਂ ਦੇ ਹੰਝੂ ਡਲ੍ਹਕਦੇ ਮੋਤੀਆ ਵਾਗੂੰ ਕਿਰਦੇ ਉਸਦੇ ਚਿੱਟੇ-ਦੁੱਧ ਸੋਹੜੇ ਲੰਬੇ ਦਾਹੜੇ ਵਿਚ ਮੋਤੀਆਂ ਦੀਆ ਲੜੀਆ ਬਣ ਬਣ ਜੜ ਹੋਈ ਜਾਂਦੇ।

ਜਦੋਂ ਉਹ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਜਾ ਕੇ ਬਾਰ ਬਾਰ ਡੰਡਾਉਤ ਬੰਦਨਾ ਕਰਨ ਲਗਾ ਤਾ ਉਸਦੀ ਮਸਤਾਨਗੀ ਸਿਖਰਾ ਨੂੰ ਛੋਂਹਦੀ ਜਾਵੇ। ਕਦੀ ਉਹ ਸੱਚੀ ਸਰਕਾਰ ਦੇ ਹੱਥੀਂ ਵਰਤੇ ਹਥਿਆਰਾ ਦੇ ਦਰਸ਼ਨ ਕਰ ਕਰ ਨਿਹਾਲ ਹੋਈ ਜਾਵੇ ਅਤੇ ਕਦੀ ਬਾਜਾ ਵਾਲੇ ਨੂੰ ਅਵਾਜ਼ਾ ਮਾਰ ਮਾਰ ਕੇ ਸੀਸ ਭੇਟ ਕਰਨ ਵਾਲੇ ਸਿੰਘਾ ਦੀ ਚੋਣ ਕਰਦਿਆ ਸੋਚ ਕੇ ਆਪਣਾ ਸੀਸ ਭੇਟ ਕਰਨ ਲਈ ਲਲਚਾਏ। ਜਦੋਂ ਉਹ ਮੱਥਾ ਟੇਕ ਕੇ, ਪ੍ਰਸ਼ਾਦ ਲੈ ਕੇ ਬਾਹਰ ਨਿਕਲਿਆਂ ਤਾਂ ਪਹਾੜੀਆ ਵਲ ਦੇਖ ਉਹ "ਸੱਚੇ ਪਾਤਿਸ਼ਾਹ ਸੱਚੇ ਪਾਤਿਸ਼ਾਹ... ।" ਕਰਕੇ ਇਉਂ ਵਾਜਾ ਮਾਰਨ ਲੱਗਿਆ ਜਿਵੇਂ ਬੱਚਾ ਆਪਣੀ ਮਾ ਨੂੰ ਅਵਾਜਾ ਮਾਰ ਰਿਹਾ ਹੁੰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿਆਰਾ ਦਰਸ਼ਨ ਦੀਦਾਰੇ ਕਰਦਾ ਹੋਇਆ "ਸਿੱਖ ਮਿਊਜਿਅਮ" ਵਿਚ ਚਲੇ ਗਿਆ। ਜਿਥੇ ਵਡੇ ਵਡੇ ਚਿੱਤਰ ਬਣਾ ਕੇ ਸਜਾਏ ਹੋਏ ਸੀ ਕਿਸੇ ਖਾਸ ਢੰਗ ਨਾਲ ਉਨ੍ਹਾਂ ਉਤੇ ਇਸ ਤਰ੍ਹਾ ਰੋਸ਼ਨੀ ਪਾਈ ਗਈ ਸੀ ਕਿ ਉਹ ਚਿੱਤਰ ਨਾ ਲਗਣ ਸਗੋਂ ਅਸਲੀਅਤ ਹੀ ਲੱਗੇ। ਸਾਰੇ ਚਿੱਤਰ ਦਿਲ ਨੂੰ ਹਲੂਨਣ ਵਾਲੇ ਸਨ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਚਿੱਤਰ ਤਾ ਇਸ ਤਰ੍ਹਾਂ ਲਗੇ ਜਿਵੇਂ ਸਾਡੇ ਸਾਹਮਣੇ ਹੀ ਤੱਤੀ ਤਵੀ ਉਤੇ ਬੈਠੇ ਅਰਜਨ ਦੇਵ ਜੀ ਅਨੰਦ-ਰਸ ਵਿਚ ਮਗਨ ਹਨ। ਥੱਲੇ ਅੱਗ ਦੀਆਂ ਲਾਟਾ ਬਲਦੀਆ ਹਨ ਉਪਰੋਂ ਜਲਦੀ ਰੇਤਾ ਦੇ ਕੜਛੇ ਪੈ ਰਹੇ ਹਨ। ਉਨਾਂ ਦੀਆ ਲੱਤਾ ਦਾ ਮਾਸ ਘੁਲ ਘੁਲ ਕੇ ਲਾਲ ਲਹੂ-ਰੰਗੇ ਟੇਪੇ ਬਣ ਬਣ ਕਿਰ ਰਿਹਾ ਸੀ। ਇਹ ਲਹੂ ਦੇ ਟੇਪੇ ਚਿਤਰਕਾਰ ਟੇ ਇਸ ਤਰ੍ਹਾਂ ਬਣਾਏ ਹੋਏ ਸਨ ਕਿ ਜਿਵੇ ਹੁਣੇ ਹੀ ਇਸ ਨੂੰ ਹਥ ਲਾਓ ਤਾ ਸਾਡੇ ਹੱਥ ਖੂਨ ਨਾਲ ਰੰਗੇ ਜਾਣਗੇ।

ਦਿਲ ਕੰਬਾਊ ਚਿੱਤਰ ਵਲ ਦੇਖ ਦੇਖ ਸ਼ਹੀਦਾ ਦੇ ਸਿਰਤਾਜ ਨੂੰ ਲਖ ਲਖ ਵਾਰੀ ਨਮਸਕਾਰ ਕਰਨ ਨੂੰ ਦਿਲ ਕਰਦਾ ਸੀ। ਪਰ ਉਹ ਸਿੰਘ ਅਡੋਲ ਖੜਾ ਇਹ ਸੋਚ ਰਿਹਾ ਸੀ। ਕਿ ਅਕਾਲ ਪੁਰਖ ਨੇ ਕਿਵੇਂ ਨਾਮ-ਰਸ ਦਾ ਟੀਕਾ ਲਗਾ ਕੇ ਸ੍ਰੀ ਅਰਜਨ ਦੇਵ ਜੀ ਨੂੰ ਸਰੀਰਕ ਦੁਖਾ ਤੋਂ ਬੇਖਬਰ ਕੀਤਾ ਹੋਇਆ ਹੈ। ਜਿਵੇਂ ਡਾਕਟਰ ਬਿਹੋਸ਼ੀ ਦਾ ਟੀਕਾ ਦੇ ਕੇ ਮਰੀਜ਼ ਦੀ ਚੀਰ ਫਾੜ ਕਰ ਲੈਂਦੇ ਹਨ।

ਉਸਨੇ ਆਪਣੇ ਐਕਸੀਡੈਂਟ ਵਾਲੀ ਘਟਨਾ ਯਾਦ ਆਈ। ਠੀਕ ਇਸੇ ਤਰ੍ਹਾਂ ਹੀ ਉਸਨੂੰ ਆਪਣੀਆ ਟੁੱਟੀਆਂ ਹੱਡੀਆ ਦੀ ਕੋਈ ਖਬਰ ਨਹੀਂ ਸੀ ਅਤੇ ਉਹ ਪ੍ਰੇਮ ਮਸਤੀ ਦੇ ਝੂਟੇ ਝੂਟ ਰਿਹਾ ਸੀ। ਪਰ ਉਹ ਸਵਰਗੀ ਝੂਟੇ ਤਾ ਸਤਿਗੁਰਾ ਨੇ ਸ਼ਾਇਦ ਇਸ ਪਰਮ ਅਨੰਦ ਦੀ ਪਛਾਣ ਵਲੋਂ ਇਕ ਨਿਸ਼ਾਨੀ ਜਿਹੀ ਹੀ ਦਿੱਤੀ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਵਰਗੇ ਤਾ ਸਾਰੀ ਉਮਰ ਹੀ ਅੰਤਰ-ਗਤ ਉਸੇ ਰਸ ਨਾਲ ਭਿੱਜ ਕੇ ਆਪਣਾ ਜੀਵਨ ਬਿਤਾਉਂਦੇ ਹਨ। ਜੀਉਂਦਿਆ ਮਰ ਕੇ ਉਹ ਸਦਾ ਸਦਾ ਲਈ ਜੀਂਵਦੇ ਹਨ। ਉਨ੍ਹਾਂ ਦਾ ਜੀਵਨ ਸੁੱਕਾ ਨਹੀਂ ਹੁੰਦਾ, ਨਾਮ-ਰਸ ਨਾਲ ਰਸਿਆ ਹੋਇਆ ਹੁੰਦਾ ਹੈ ਭਿੱਜਿਆ ਹੋਇਆ ਹੁੰਦਾ ਹੈ। ਕਦੀ ਪਾਣੀਆਂ ਨੂੰ ਵੀ ਅੱਗ ਲਗੀ ਹੈ ? ਫਿਰ ਨਾਮ-ਰਸ ਨਾਲ ਰਸਿਆ ਹੋਇਆ ਨੂੰ ਦੁਖਾ ਦਰਦਾ ਦਾ ਸੇਕ ਕਿਵੇਂ ਲਗ ਸਕਦਾ ਹੈ।



www.AKJ.Org

# ਜਾਗੋ ! ਜਾਗੋ !! ਸੁੱਤਿਓ !!!

ਯੂਨੀਵਰਸਿਟੀ ਦੇ ਇਕ 'ਲਾਅਨ' ਵਿੱਚ ਪਰਸਨਲ ਕੰਟੈਕਟ ਪ੍ਰੋਗਰਾਮ ਚੱਲ ਰਹੇ ਹਨ। ਕਈ ਥਾਵਾਂ ਦੇ ਵਿਆਰਥੀ ਇੱਕਠੇ ਹੋਏ ਹਨ, ਕੁਝ ਪੰਜਾਬ ਦੇ ਹਨ ਤੇ ਕੁਝ ਪੰਜਾਬੋਂ ਬਾਹਰ ਦੇ। ਹੁਣੇ ਹੁਣੇ ਕਲਾਸ ਖਤਮ ਹੋਈ ਹੈ ਤੇ ਵਿਦਿਆਰਥੀ ਅੱਧੇ ਘੰਟੇ ਦੀ ਛੁੱਟੀ ਮਿਲਣ 'ਤੇ ਬਾਹਰ ਲਾਅਨ ਵਿੱਚ ਗੱਲ-ਸ਼ਪ ਮਾਰਨ ਲਈ ਜਾ ਲੰਚ ਲਈ ਇਕੱਠੇ ਹੋ ਰਹੇ ਹਨ। ਕੁੜੀਆਂ ਦਾ ਟੋਲਾ ਇੱਕ ਪਾਸੇ ਅੱਲਗ ਖੜ੍ਹਾ ਰੌਲਾ ਪਾ ਰਿਹਾ ਹੈ। ਆਪਸ ਵਿੱਚ ਜਾਣਕਾਰੀਆਂ ਕੀਤੀਆਂ ਜਾ ਰਹੀਆਂ ਹਨ, ਦੋਸਤੀਆਂ ਵਧਾਈਆਂ ਜਾ ਰਹੀਆ ਹਨ। ਇਨ੍ਹਾਂ ਵਿੱਚੋਂ ਇੱਕ ਸਿੱਖ ਬੱਚੀ (ਪੰਜਾਬੋਂ ਬਾਹਰ ਦੀ ਹੈ) ਪਹਿਲੀ ਵਾਰ ਪੰਜਾਬ ਆਈ ਸੀ, ਨਵੇਂ ਵਾਤਾਵਰਣ ਵਿੱਚ ਕੁਝ ਸਹਿਮੀ-ਸਹਿਮੀ ਪਰ ਲੋੜੋਂ ਵੱਧ ਹੈਰਾਨ ਜਿਹੀ ਚਾਰੇ ਪਾਸੇ ਨਜ਼ਰ ਫੇਰ ਰਹੀ ਹੈ। ਉਸ ਨੇ ਪੰਜਾਬ ਪਹਿਲਾਂ ਕਦੇ ਨਹੀਂ ਸੀ ਵੇਖਿਆ, ਕੇਵਲ ਇੰਨਾ ਜਾਣਦੀ ਸੀ ਕਿ ਪੰਜਾਬ ਸਿੱਖ ਨਾਲ ਭਰਪੂਰ ਪ੍ਰਾਤ ਹੈ, ਉੱਥੇ ਸਿੱਖ ਹੀ ਸਿੱਖ ਚਾਰੋਂ ਪਾਸੇ ਨਜ਼ਰ ਆਉਂਦੇ ਹਨ। ਪਰ ਇੱਥੇ ਆ ਕੇ ਉਹ ਹੈਰਨ ਇਸ ਲਈ ਸੀ ਕਿ ਇੱਥੇ ਤਾਂ ਕੁਝ ਅਜੀਬ ਜਿਹੇ ਧਰਮ ਦੇ ਲੋਕ ਨਜ਼ਰ ਆਉਂਦੇ ਹਨ, ਜੋ ਦੂਰੋਂ ਵੇਖਣ ਤੇ ਸ਼ਕਲੋਂ ਸਿੱਖ ਜਾਪਦੇ ਹਨ, ਪਰ ਨੇੜੇ ਆਉਣ 'ਤੇ ਮੁਲਾਣੇ ਜਾਪਣ ਲੱਗਦੇ ਹਨ। ਅਜਿਹੇ ਨੌਜਵਾਨਾਂ ਦੇ ਸਿਰਾਂ ਤੇ ਸੋਹਣੀਆ ਲਾਲ ਪੀਲੀਆਂ ਤੇ ਸੁਰਮਈ ਪੱਗਾਂ ਸੋਹਦੀਆ ਸਨ, ਤੇ ਬੀਬੀਆ ਦਾੜ੍ਹੀਆਂ, ਪਰ ਆਹ ਨੂੰ ਦਾੜ੍ਹੀਆ 'ਤੇ ਨਜ਼ਰ ਪੈਂਦਿਆਂ ਹੀ ਦੁੱਖ ਭਰਿਆ ਹੌਕਾ ਨਿਕਲਦਾ ਹੈ ਲੜਕੀ ਦੇ ਮੂੰਹੋਂ। ਬੜੀ ਹੈਰਾਨ ਤੇ ਪ੍ਰੇਸ਼ਾਨ, "ਇਹ ਕਿਹੋ ਜਿਹੇ ਸਿੱਖ ਹਨ ਇਨ੍ਹਾਂ ਦੀਆਂ ਦਾੜ੍ਹੀਆ ਦਾ ਕੀ ਹੋਇਆ ? ਇਹ ਸਿੱਖ ਹੈਨ ਵੀ ਸਹੀ ਜਾਂ ਕਿਸੇ ਹੋਰ ਮਿਲਗੋਭਾ ਜਿਹੇ ਧਰਮ ਦੇ ਮੈਂਬਰ ਹਨ ? ਲੜਕੀ ਨੂੰ ਉਨ੍ਹਾਂ ਦੇ ਸਿੱਖ ਹੋਣ 'ਤੇ ਵੀ ਸ਼ੱਕ ਹੋ ਰਿਹਾ ਹੈ।

ਇਹੋ ਜਿਹੀਆਂ ਸੋਚਾਂ ਵਿੱਚ ਕੁਝ ਚਿਰ ਗੁੰਮ ਸੁੰਮ ਖੜੀ ਰਹੀ, ਫਿਰ ਆਪਣੀ ਜਿਗਿਆਸਾ ਸ਼ਾਂਤ ਕਰਨ ਦੇ ਇਰਾਦੇ ਨਾਲ ਇਕ ਅਜਿਹੇ ਹੀ ਨੌਜਵਾਨ ਵੱਲ ਵੱਧਦੀ ਹੈ। ਕਿਉਂਕਿ ਦੋਵੇਂ ਇੱਕੋ ਕਲਾਸ ਦੇ ਵਿਦਿਆਰਥੀ ਹਨ, ਇਸ ਲਈ ਆਪੋ ਵਿੱਚ 'ਸਤਿ ਸ੍ਰੀ ਅਕਾਲ' ਬੁਲਾਉਂਦੇ ਹਨ। ਵਾਰਤਾਲਾਪ ਇਉਂ ਸ਼ੁਰੂ ਹੁੰਦੀ ਹੈ :

ਲੜਕੀ : "ਵੀਰ ਜੀ ! ਮਾਫ ਕਰਨਾ, ਮੈਂ ਇਕ ਜਗਿਆਸਾ ਸ਼ਾਤ ਕਰਨਾ ਚਾਹੁੰਦੀ ਹਾਂ, ਇਜਾਜ਼ਤ ਹੋਵੇ ਤਾਂ ਕੁਝ ਪੁੱਛਾਂ ?"

ਨੌਜਵਾਨ : (ਬੜੀ ਨਿਮਰਤਾ ਨਾਲ) "ਬੜੀ ਖ਼ੁਸ਼ੀ ਨਾਲ ਭੈਣ ਜੀ। ਤੁਸੀਂ ਜੋ ਪੁੱਛਣਾ ਚਾਹੁੰਦੇ ਹੋ ਬੜੀ ਖ਼ੁਸ਼ੀ ਨਾਲ ਪੁੱਛੋ।"

ਲੜਕੀ : ਬੱਸ ਮੇਰੇ ਮਨ ਵਿੱਚ ਇੱਕ ਨਿੱਕੀ ਜਿਹੀ ਸ਼ੰਕਾ ਹੈ, ਕਿ ਕੀ ਤੁਸੀਂ ਸਿੱਖ ਹੋ ?"

ਨੌਜਵਾਨ : ਐਹ ਲਓ, ਪੁੱਟਿਆ ਪਹਾੜ ਤੇ ਨਿਕਲਿਆ ਚੂਹਾ, ਮੈਂ ਆਖਿਆ ਪਤਾ ਨਹੀਂ ਕਿੱਡੀ ਵੱਡੀ ਸ਼ੰਕਾ ਨਿਵਰਤ ਕਰਨੀ ਪਊ, ਭਲਾ ਇਸ ਵਿੱਚ ਸ਼ੱਕ ਦੀ ਕਿਹੜੀ ਗੱਲ ਐ ? ਮੈਂ ਸਿੱਖ ਹਾਂ, ਸਿੱਖ ਘਰਾਣੇ ਵਿੱਚ ਜੰਮਿਆ ਹਾਂ, ਮੇਰੇ ਮਾਤਾ-ਪਿਤਾ, ਦਾਦਾ-ਦਾਦੀ ਚਾਚੇ-ਤਾਏ ਸਭ ਸਿੱਖ ਹਨ, ਫਿਰ ਮੇਰੇ ਸਿੱਖ ਹੋਣ ਵਿੱਚ ਭਲਾ ਕੀ ਸ਼ੱਕ ਰਹਿ ਜਾਂਦਾ ਹੈ ?"

ਲੜਕੀ : (ਥੋੜ੍ਹਾ ਝਕਦੀ ਹੋਈ) "ਪਰ ਵੀਰ ਜੀ, ਸਿੱਖ ਤਾਂ ਗੁਰੂ ਗੋਬਿੰਦ ਸਿੰਘ ਦੇ ਸਾਜੇ ਹੋਏ ਹਨ, ਹੈ ਨਾ ? (ਹੁੰਗਾਰਾ ਮਿਲਣ 'ਤੇ) ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਵੱਧ ਮਹੱਤਵ "ਸਾਬਤ ਸੂਰਤਿ ਦਸਤਾਰ ਸਿਰਾ" ਨੂੰ ਦਿੱਤਾ ਸੀ, ਨ ਕਿਸੇ ਸਿੱਖ ਘਰਾਣੇ ਨੂੰ, ਨਾਲੇ ਕੇਸਾਂ ਨੂੰ ਰਹਿਤ ਵਿੱਚ ਸ਼ਾਮਲ ਕਰਕੇ ਉਨ੍ਹਾਂ ਕਿਹਾ ਸੀ :

"ਰਹਿਣੀ ਰਹੇ ਸੋਈ ਸਿੱਖ ਮੇਰਾ, ਉਹ ਸਾਹਿਬ ਮੈਂ ਉਸ ਕਾ ਚੇਰਾ॥"

ਗੁਰੂ ਸਾਹਿਬ ਨੇ ਸਿੱਖ ਨੂੰ ਨਹੀਂ ਰਹਿਤ ਨੂੰ ਪਿਆਰ ਕੀਤਾ ਤੇ ਕਿਹਾ :

"ਰਹਿਤ ਪਿਆਰੀ ਮੁਝ ਕਉ, ਸਿੱਖ ਪਿਆਰਾ ਨਾਹਿ॥"

"ਕੀ ਵੀਰ ਜੀ, ਤੁਸੀਂ ਗੁਰੂ ਸਾਹਿਬ ਦੇ ਇਨ੍ਹਾਂ ਵੀਚਾਰਾਂ ਨਾਲ ਸਹਿਮਤ ਹੋ ?"



www.AKJ.Org

ਨੌਜਵਾਨ : ਹਾ. ਮੈਂ ਇਨ੍ਹਾ ਵੀਚਾਰਾ ਨੂੰ ਕਿਵੇਂ ਗਲਤ ਕਹਿ ਸਕਦਾ ਹਾ ਜੋ ਕਿ ਆਪ ਗੁਰੂ ਸਾਹਿਬ ਨੇ ਮੁੱਖੋਂ ਉਚਾਰੇ ਹੋਣ. ਪਰ ਤੁਸੀਂ ਆਖ਼ਰ ਕਹਿਣਾ ਕੀ ਚਾਹੁੰਦੇ ਹੋ ?"

ਲੜਕੀ : "ਫਿਰ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਤਾ ਨਾ ਹੋਏ। ਆਖ਼ਰ ਤੁਸੀਂ ਫਿਰ ਹੋਰ ਕਿਸ ਦੇ ਸਿੱਖ ਹੋ ? ਮੈਂ ਇਹੋ ਹੀ ਜਾਣਨਾ ਚਾਹੁੰਦੀ ਹਾਂ।"

ਨੌਜਵਾਨ : (ਹੱਸਦਾ ਹੋਇਆ) "ਵਾਹ ਜੀ ਵਾਹ ! ਤੁਸੀਂ ਵੀ ਕੀ ਗੱਲ ਕਹੀ ਭਲਾ ? ਜੇ ਮੈਂ ਸਿੱਖ ਹਾ ਤਾ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ ਹੁੰਦੇ ਹਨ. ਹੋਰ ਕਿਸੇ ਦਾ ਸਿੱਖ ਹੋ ਸਕਦਾ ਹਾ ? ਭੈਣ ਜੀ. ਤੁਸੀਂ ਭਰਮ ਵਿੱਚ ਨਾ ਪਵੋ. ਮੈ ਉਸੇ ਤਰ੍ਹਾਂ ਦਾ ਸਿੱਖ ਹਾਂ ਜਿਸ ਤਰ੍ਹਾਂ ਦੇ ਤੁਸੀਂ ਹੋ।"

ਲੜਕੀ : (ਦਿਲ ਵਿੱਚ ਥੋੜ੍ਹਾ ਹੱਸਦੀ ਹੈ) ਪਰ ਉੱਪਰੋਂ ਗੰਭੀਰ ਹੈ) "ਪਰ ਮੈਂ ਤੁਹਾਨੂੰ ਦਸ ਆਈ ਹਾ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਸਾਬਤ ਸੂਰਤ ਹੀ ਹੁੰਦਾ ਹੈ. ਭਾਵ ਕਿ ਕੇਸ ਦਾੜ੍ਹੀ ਸਾਬਤ ਰੱਖਦਾ ਹੈ. ਫਿਰ ਇਹ ਤੁਹਾਡੀ ਦਾੜ੍ਹੀ ... ਕੀ ਕਾਰਣ ਹੈ .... ਕੀ ਤੁਹਾਨੂੰ ਘਰ ਦੇ ਕਿਸੇ ਵੱਡੇ ਵਡੇਰੇ ਨੇ ਟੋਕਿਆ ਵੀ ਨਹੀਂ ਜਾ ਦਾੜ੍ਹੀ ਦਾ ਇਹ ਹਾਲ ਬਣਾਉਣ ਵੇਲੇ ਵਰਜਿਆ ਵੀ ਨਹੀ ?

ਨੌਜਵਾਨ : ਅੰਦਰੋਂ ਸ਼ਰਮਿੰਦਾ ਵੀ ਹੈ) "ਨਹੀਂ. ਨਹੀਂ ਵੈਸੇ ਸਾਡੇ ਘਰ ਸਾਰੇ ਹੀ ਜ਼ਰਾ ਮਾਡਰਨ ਵਿਚਾਰਾ ਵਾਲੇ ਹਨ. ਸਾਨੂੰ ਕਿਸੇ ਕਿਸਮ ਦੀ ਕੋਈ ਰੋਕ ਟੋਕ ਨਹੀਂ ਹੁੰਦੀ।"

ਲੜਕੀ : (ਮਨ ਵਿੱਚ ਸੋਚਦੀ ਹੈ ਸ਼ਾਬਾਸ਼ੇ ਇਹੋ ਜਿਹੇ ਸਿੱਖ ਪ੍ਰੀਵਾਰਾਂ ਨੂੰ ਜੋ ਵਿਰਸਾ ਗੁਆ ਕੇ ਆਪਣੇ ਆਪ ਨੂੰ ਮਾਡਰਨ ਅਖਵਾਉਣਾ ਫ਼ਖਰ ਸਮਝਦੇ ਹਨ। ਫਿਰ ਡੂੰਘੀਆ ਸੋਚਾਂ ਵਿੱਚ ਪੈ ਜਾਦੀ ਹੈ ਇਨ੍ਹਾ ਮਹਾਨ ਕੇਸਾ ਖ਼ਾਤਰ ਹੀ ਭਾਈ ਮਨੀ ਸਿੰਘ ਨੇ ਬੰਦ-ਬੰਦ ਕਟਵਾਇਆ. ਭਾਈ ਤਾਰੂ ਸਿੰਘ ਨੇ ਖੋਪਰੀ ਤੱਕ ਲੁਹਾ ਦਿੱਤੀ ਪਰ ਕੇਸਾਂ ਦੀ ਬੇਅਦਬੀ ਪ੍ਰਵਾਨ ਨਹੀਂ ਕੀਤੀ. ਪਰ ਇਹ ਚੰਗੇ ਆਪਣੇ ਆਪ ਨੂੰ ਸਿੱਖ ਸਦਵਾਉਣ ਵਾਲੇ ਲੋਕ ਹਨ ਜੋ ਸ਼ਹੀਦਾਂ ਦੀਆ ਕੁਰਬਾਨੀਆ ਨੂੰ ਮਿੱਟੀ ਵਿੱਚ ਰੋਲ ਕੇ ਆਪਣੇ ਆਪ ਨੂੰ ਸਿੱਖ ਅਖਵਾਉਣਾ ਫ਼ਖਰ ਸਮਝਦੇ ਹਨ।)

ਨੌਜਵਾਨ : "ਕੀ ਗੱਲ ਏ ਭੈਣ ਜੀ. ਕਿੰਨਾਂ ਸੋਚਾਂ ਵਿੱਚ ਗੁਆਚ ਗਏ ਹੋ ?"

ਲੜਕੀ : "ਵੀਰ ਜੀ. ਤੁਹਾਨੂੰ ਭਾਵੇਂ ਕਿਸੇ ਨੇ ਵੀ ਟੋਕਿਆ ਹੋਵੇ. ਤੇ ਨਾ ਹੀ ਅੱਗੋਂ ਕਦੇ ਟੋਕੇ ਪਰ ਕੀ ਤੁਸੀਂ ਸਿੱਖ ਇਤਿਹਾਸ ਤੋਂ ਉਕਾ ਨਾਵਾਕਫ਼ ਹੋ? ਕੀ ਤੁਹਾਨੂੰ ਉਨ੍ਹਾ ਸਿੰਘਾਂ ਸਿੰਘਣੀਆਂ ਦੀਆ ਕੁਰਬਾਨੀਆ ਦਾ ਖ਼ਿਆਲ ਤੱਕ ਨਹੀਂ ਆਇਆ ......"

ਨੌਜਵਾਨ : "ਖ਼ਿਆਲ ਤਾ ਬਹੁਤ ਵਾਰ ਆਉਂਦਾ ਹੈ. ਪਰ ਅਸੀਂ ਉਨ੍ਹਾ ਮਹਾਨ ਹਸਤੀਆ ਦੀ ਬਰਾਬਰੀ ਥੋੜ੍ਹੇ ਕਰ ਸਕਦੇ ਹਾਂ।"

ਲੜਕੀ : "ਬਰਾਬਰੀ ਭਾਵੇਂ ਤੁਸੀ ਨਾ ਕਰ ਸਕੋ. ਸਗੋਂ ਅੱਜ ਦਾ ਸਮੁੱਚਾ ਸਮਾਜ ਰਲ ਕੇ ਵੀ ਉਨ੍ਹਾ ਮਹਾਨ ਆਤਮਾਵਾ ਦੀ ਬਰਾਬਰੀ ਨਹੀਂ ਕਰ ਸਕਦਾ. ਪਰ ਕੀ ਅਸੀਂ ਉਨ੍ਹਾ ਦੇ ਦਰਸਾਏ ਰਾਹਾ 'ਤੇ ਤੁਰਨ ਦੀ ਕੋਸ਼ਿਸ਼ ਤੱਕ ਵੀ ਨਾ ਕਰੀਏ ?"

ਨੌਜਵਾਨ : (ਕੁੱਝ ਖਿੜ ਜਿਹਾ ਗਿਆ) "ਪਰ ਭੈਣ ਜੀ. ਇਹ ਸਭ ਗਲਾਂ ਕਰਨ ਦਾ ਆਖ਼ਰ ਤੁਹਾਡਾ ਮਕਸਦ ਕੀ ਹੈ ? ਤੁਸੀਂ ਮੈਥੋਂ ਪੁੱਛਣਾ ਕੀ ਚਾਹੁੰਦੇ ਹੋ ?"

ਲੜਕੀ : (ਸਿੱਧੇ ਤੇ ਸਾਫ਼ ਸ਼ਬਦਾਂ ਨੂੰ ਵਰਤਦੀ ਹੈ) ਬੁਰਾ ਨਾ ਮਨਾਣਾ ਵੀਰ ਜੀ. ਭੈਣਾਂ ਦੀ ਗੱਲ ਦਾ ਗੁੱਸਾ ਨਹੀਂ ਕਰੀਦਾ. ਫਿਰ ਅਸੀ ਇੱਕੋ ਕਲਾਸ ਵਿੱਚ ਪੜ੍ਹਦੇ ਹਾ. ਇੱਕੋ ਜਿਹੀ ਸੋਧ ਹੈ. ਸਾਡੇ ਆਪਸੀ ਵਿਚਾਰ. ਭਾਵੇਂ ਕਿਹੋ ਜਿਹੇ ਵੀ ਹੋਣ. ਇਨ੍ਹਾਂ ਵਿਚਾਲੇ ਗੁੱਸੇ ਜਾ ਖਿੜ ਦੀ ਥਾ ਨਹੀਂ. ਫਿਰ ਵੀ ਮੈਂ ਸਿੱਧੇ ਤੌਰ 'ਤੇ ਇਹੀ ਪੁੱਛਣਾ ਚਾਹੁੰਦੀ ਸੀ ਕਿ ਤੁਸੀਂ ਦਾੜ੍ਹੀ ਕਿਉਂ ਕਤਰਾਈ ਹੈ ਕੀ ਤੁਹਾਨੂੰ ਇਹ ਕਈ ਕਸ਼ਟ ਦਿੰਦੀ ਸੀ ? ਤੁਹਾਨੂੰ ਇਹੋ ਜਿਹਾ ਕੰਮ ਕਰਨ ਦਾ ਖ਼ਿਆਲ ਕਿਵੇਂ ਆਇਆ ?"

ਨੌਜਵਾਨ : (ਕੁਝ-ਕੁਝ ਸ਼ਰਮਿੰਦਾ ਵੀ ਹੈ ) "ਇਹ ਹੁਣ ਤੁਹਾਨੂੰ ਕੀ ਪਤਾ.... ਬੜੀਆ ਮੁਸੀਬਤਾ ਨੇ ਜੀ ਦਾੜ੍ਹਾ ਵਧਾਉਣ ਦੀਆ ....।"



www.AKJ.Org

ਲੜਕੀ : "ਭਲਾ ਕਿਵੇਂ ..... ਪਤਾ ਜੇ ਗੁਰੂ ਸਾਹਿਬ ਨੇ ਇਹ ਦਾੜ੍ਹੀ ਜਾ ਸਿੱਖੀ ਸਰੂਪ ਆਪਣੇ ਸਿੰਘਾਂ ਨੂੰ ਹੋਰ ਧਰਮਾਂ ਨਾਲੋਂ ਵੱਖ, ਵਧੇਰੇ ਸੋਹਣਾ ਤੇ ਸ਼ਖਸੀਅਤ ਭਰਪੂਰ ਬਣਾਉਣ ਲਈ ਅਤੇ ਚਿਹਰੇ ਤੇ ਰੌਅਬ ਪੈਦਾ ਕਰਨ ਲਈ ਦਿੱਤਾ ਸੀ।"

ਨੌਜਵਾਨ : "ਸਾਨੂੰ ਇਸ ਨਾਲ ਕੀ ..... ਅਸੀਂ ਤਾਂ ਇਹੋ ਜਾਣਦੇ ਹਾਂ ਕਿ ਇਸ ਨੂੰ ਵਧਾਉਣ ਲਈ ਬੜੀਆ ਮੁਸੀਬਤਾਂ ਝਾਗਣੀਆਂ ਪੈਂਦੀਆ ਹਨ। ਪਹਿਲੇ ਤੇ ਇਹ ਨਹਾਉਣ ਵੇਲੇ ਗਿੱਲੀ ਹੋ ਜਾਂਦੀ ਹੈ, ਇਸ ਨੂੰ ਸੁਕਾਓ, ਫ਼ਿਕਸੋ ਲਗਾਓ, ਫਿਰ ਘੰਟਿਆਂ ਬੱਧੀ ਠਾਠੇ ਬੰਨ੍ਹ ਕੇ ਫਿਰਦੇ ਰਹੋ। ਸਾਡੇ ਕੋਲੋਂ ਕਿੱਥੇ ਇਹੋ ਜਿਹੇ ਝੰਝਟ ਚੁੱਕੇ ਜਾਣਗੇ... ਅਸੀਂ ਤਾ ਆਪ ਕਿਤੇ ਮੁਸ਼ਕਿਲ ਨਾਲ ਸਵੇਰੇ ਤਿਆਰ ਹੁੰਦੇ ਹਾਂ। ਦਾੜ੍ਹੀ ਦੀ ਸੇਵਾ ਕੌਣ ਕਰੇ ?"

ਲੜਕੀ : ...."ਵੀਰ ਜੀ, ਤੁਸੀਂ ਸਵੇਰੇ ਉਠ ਕੇ ਨਿੱਤ ਦੇ ਕੰਮ ਰੋਜ਼ਾਨਾ ਪੂਰੇ ਕਰ ਲੈਂਦੇ ਹੋ ਠੀਕ ਹੈ ਨਾ। ਰੋਜ਼ ਸਵੇਰੇ ਨਹਾਉਂਦੇ ਹੋ, ਨਾਸ਼ਤਾ ਕਰਦੇ ਹੋ ਬੂਟ ਪਾਲਿਸ਼ ਕਰਦੇ ਹੋ, ਫਿਰ ਪੱਗ ਸੰਵਾਰ ਦੇ ਬੰਨ੍ਹਦੇ ਹੋ ਤੇ ਇੱਥੋਂ ਤੱਕ ਕਿ ਘੰਟਾ ਭਰ ਸ਼ੀਸ਼ੇ ਅੱਗੇ ਖੜ੍ਹੇ ਹੋ ਕੇ ਟਾਈ ਦੀ ਗੰਢ ਵੀ ਸਵਾਰਦੇ ਹੋ। ਕੀ ਇਨ੍ਹਾਂ ਵਿੱਚੋਂ ਕੋਈ ਕੰਮ ਅਧੂਰਾ ਰਹਿ ਜਾਂਦਾ ਹੈ ਜਾਂ ਕੀ ਤੁਸੀਂ ਕਦੀ ਤਿਆਰੀ ਕੀਤੇ ਬਿਨਾਂ ਵੀ ਕਾਲਜ ਆਏ ਹੋ ਮਸਲਨ, ਤੁਸੀਂ ਰੋਜ਼ ਦੋ ਤਿੰਨ ਘੰਟੇ ਇਨ੍ਹਾਂ ਕੰਮ ਨੂੰ ਜ਼ਰੂਰ ਦੇ ਸਕਦੇ ਹੋ, ਪਰ ਦਾੜ੍ਹੀ ਸਵਾਰਨ ਵਿੱਚ ਪੰਦਰਾਂ ਵਹ ਮਿੰਟ ਨਹੀਂ ਦੇ ਸਕਦੇ... ਨਾਲੇ ਜਿਹੜਾ ਕੰਮ ਰੋਜ਼ਾਨਾ ਕੀਤਾ ਜਾਏ, ਉਹ ਇੱਕ ਨੇਮ ਜਿਹਾ ਬਣ ਜਾਂਦਾ ਹੈ ਫਿਰ ਉਹ ਮੁਸੀਬਤ ਨਹੀਂ ਭਾਸਦਾ।"

ਨੌਜਵਾਨ : (ਅੰਦਰੋਂ ਸ਼ਰਮਿੰਦਾ ਵੀ ਹੈ ਪਰ ਅਸਲੋਂ ਹਾਰ ਵੀ ਨਹੀਂ ਮੰਨਣਾ ਚਾਹੁੰਦਾ) "ਸਾਡੇ ਇਹ ਕੰਮ ਹੀ ਪੂਰੇ ਹੋ ਜਾਣ, ਇਹੀ ਬੇਹਤਰ ਹੈ।"

ਲੜਕੀ : "ਕੰਮ ਤਾ ਸਾਰੇ ਹੀ ਪੂਰੇ ਹੋ ਸਕਦੇ ਹਨ, ਜੇ ਕਰਨ ਦਾ ਮਨ ਹੋਵੇ। ਜਿਵੇਂ ਮੈਂ ਕਿਹਾ ਰੋਜ਼ਾਨਾ ਕਰਨ ਨਾਲ ਕੰਮ ਨੇਮ ਬਣ ਕੇ ਆਦਤ ਰੂਪ ਵਿੱਚ ਜਾਂਦੇ ਹਨ। ਫਿਰ ਇਹ ਔਖੇ ਨਹੀਂ ਭਾਸਦੇ।"

ਨੌਜਵਾਨ : (ਸਹੀ ਗੱਲ 'ਤੇ ਆਉਂਦਾ ਹੋਇਆ) "ਪਰ ਅਸਲ ਵਿੱਚ ਅੱਜ ਕੱਲ੍ਹ ਦਾ ਅਜਿਹਾ ਰਿਵਾਜ ਹੀ ਹੈ, ਭਾਵੇਂ ਸਾਰੇ ਪੰਜਾਬ ਵਿੱਚ ਤੱਕ ਲਓ।"

ਲੜਕੀ : "ਹਾ ਹੁਣ ਆਏ ਨਾ ਸਿੱਧੀ ਗੱਲ 'ਤੇ, ਗੱਲ ਤਾਂ ਸਾਰੀ ਫੈਸ਼ਨਪ੍ਰਸਤੀ ਦੀ ਹੈ, ਜੋ ਛੂਤ ਦੀ ਬੀਮਾਰੀ ਵਾਂਗ ਸਾਰੇ ਪੰਜਾਬ ਵਿੱਚ ਫੈਲਦੀ ਜਾ ਰਹੀ ਹੈ।"

ਨੌਜਵਾਨ : (ਅਚਕਚਾ ਕੇ) "ਨਹੀਂ -ਨਹੀਂ ਫੈਸ਼ਨ ਦੀ ਗੱਲ ਨਹੀਂ ਹੈ.......।"

ਲੜਕੀ : (ਹੱਸਦ ਹੋਈ) "ਫਿਰ, ਹੋਰ ਕੀ ਉਤਰ ਦਿੰਦੇ ਹੋ"

ਨੌਜਵਾਨ : (ਚੁੱਪ...)

ਲੜਕੀ : (ਉਸ ਨੂੰ ਚੁੱਪ ਹੋਇਅ ਵੇਖ ਕੇ) "ਚਲੋ ਮੰਨਦੇ ਹਾਂ ਕਿ ਸਵੇਰੇ ਤੁਹਾਨੂੰ ਦਾੜ੍ਹੀ ਬੰਨ੍ਹਣਾ ਇੱਕ ਮੁਸੀਬਤ ਲਗਦਾ ਹੈ, ਪਰ ਇਸ ਕੋਲੋਂ ਬਚਣ ਲਈ ਤਾਂ ਤੁਸੀਂ ਇਸ ਨੂੰ ਖੁਲ੍ਹੀ ਵੀ ਰੱਖ ਸਕਦੇ ਹੋ, ਆਪੇ ਸੁਕਦੀ ਵੀ ਰਹੇਗੀ, ਨਾਲੋਂ ਇਸ ਨਾਲ ਤੁਹਾਡੀ ਪ੍ਰਸਨੈਲਟੀ ਵੀ ਵਧੇਗੀ ਤੇ ਚਿਹਰੇ ਦਾ ਰੋਹਬ ਵੀ ਦੂਣਾ ਹੋ ਜਾਵੇਗਾ।

ਨੌਜਵਾਨ : (ਖਿਸਿਆਦਾ ਹੋਇਆ) "ਫਿਰ ਤਾ ਜੀ, ਪੂਰੇ ਬਾਬੇ ਲਗਾਗੇ।"

ਲੜਕੀ : (ਖੁਲ੍ਹ ਕੇ ਹੱਸਦੀ ਹੋਈ) "ਵਾਹ ਮੇਰੇ ਵੀਰ ਜੀਓ । ਭੁੱਲਦੇ ਕਿਉਂ ਹੋ .... ਕੀ ਤੁਸੀਂ ਕੋਈ ਕਾਲੀ ਦਾੜ੍ਹੀ ਵਾਲਾ ਬਾਬਾ ਦੇਖਿਆ ਹੈ..... ਬਾਬਿਆਂ ਦੀ ਤਾਂ ਚਿੱਟੀ ਦਾੜ੍ਹੀ ਹੁੰਦੀ ਹੈ।" (ਹੁਣ ਨੌਜਵਾਨ ਪੂਰੀ ਤਰ੍ਹਾਂ ਸ਼ਰਮਿੰਦਾ ਹੋ ਚੁੱਕਿਆ ਹੈ, ਹਾਰ ਵੀ ਮੰਨ ਗਿਆ ਹੈ, ਫਿਰ ਵੀ ਆਖਰੀ ਹਥਿਆਰ ਚਲਾਉਂਦਾ ਹੈ)।

ਨੌਜਵਾਨ : "ਵੈਸੇ ਐਸੀ ਗੱਲ ਨਹੀਂ, ਮੈਂ ਦਾੜ੍ਹੀ ਰੱਖ ਵੀ ਲਵਾਂਗਾ, ਪਰ ਅਜੇ ਕਿਹੜੀ ਬਹੁਤ ਜਲਦੀ ਹੈ, ਅਜੇ ਤਾ ਪੂਰੀ ਜ਼ਿੰਦਗੀ ਪਈ ਹੈ, ਜਦੋਂ ਦਿਲ ਰਾਜ਼ੀ ਹੋਵੇਗਾ, ਦਾੜ੍ਹੀ ਰੱਖ ਲਵਾਂਗਾ।"

ਲੜਕੀ : (ਮਜ਼ਾਕੀਆ ਲਹਿਜੇ ਵਿੱਚ) ਇਸ ਦਾ ਮਤਲਬ ਇਹ ਹੈ .... ਜਦੋਂ ਤੁਸੀਂ ਵਾਕਈ ਬਾਬੇ



www.AKJ.Org

ਬਣ ਚੁੱਕੋਗੇ, ਪਰ ਦਾੜ੍ਹੀ ਨਾ ਹੋਣ ਕਰਕੇ ਬਾਬਿਆ ਵਾਲੀ ਸ਼ਕਲ ਅਖ਼ਤਿਆਰ ਨਾ ਕਰ ਸਕੋਗੇ। ਫਿਰ ਤੁਹਾਡੇ ਪੋਤਰੇ-ਪੋਤਰੀਆ ਕਹਿਣਗੇ "ਸਾਡਾ ਬਾਤਾ ਕਿੱਥੇ ਹੈ, ਤੁਸੀਂ ਕਹੋਗੇ, "ਮੈਂ ਹਾਂ ਤੁਹਾਡਾ ਬਾਬਾ।" ਤਾ ਜਵਾਬ ਮਿਲੇਗਾ "ਬਾਬੇ ਤਾ ਚਿੱਟੀਆਂ ਲੰਮੀਆਂ ਦਾੜ੍ਹੀਆ ਵਾਲੇ ਹੁੰਦੇ ਹਨ, ਤੁਹਾਡੀ ਦਾੜ੍ਹੀ ਕਿੱਥੇ ਗਈ" ਤਾਂ ਫਿਰ ਇੱਥੇ ਆ ਕੇ ਤੁਹਾਡਾ ਮਨ ਦਾੜ੍ਹੀ ਰੱਖਣ ਲਈ ਰਾਜ਼ੀ ਹੋਵੇਗਾ। ਠੀਕ ਹੈ ਨਾ... ਪਰ ਭੁੱਲੋ ਨਾ ਵੀਰ ਜੀ, ਸਮਾ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ, ਤੁਹਾਨੂੰ ਕੀ ਪਤਾ ਲਾਈਫ਼ ਕਿੰਨੀ ਕੁ ਬਾਕੀ ਹੈ। ਕੀ ਤੁਸੀਂ ਬੁਢੇਪੇ ਦੇ ਇੰਤਜ਼ਾਰ ਵਿੱਚ ਧਰਮ ਤੋਂ ਬੇਮੁਖ ਹੋਏ ਰਹੋਗੇ ।"

ਨੌਜਵਾਨ : (ਸੋਚੀਂ ਪੈ ਜਾਦਾ ਹੈ, ਮਨੋਂ ਮਹਿਸੂਸ ਕਰਦਾ ਹੈ ਕਿ ਇਸ ਦੀਆ ਗੱਲਾ ਸੱਚੀਆ ਹਨ) "ਵਾਕਈ ਭੈਣ ਜੀ, ਤੁਹਾਡੀਆ ਸਾਰੀਆਂ ਗੱਲਾ ਸੱਚੀਆਂ ਹਨ, ਮੈਂ ਅਸਲੋਂ ਹੀ ਸ਼ਰਮਿੰਦਾ ਹਾਂ। ਨਾ ਤਾ ਮੈਨੂੰ ਅੱਜ ਤੱਕ ਕਿਸੇ ਨੇ ਟੋਕਿਆ ਸੀ ਤੇ ਨਾ ਹੀ ਮੈਂ ਇਸ ਪਾਸੇ ਧਿਆਨ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਦਾੜ੍ਹੀ ਦੀ ਏਡੀ ਵੱਡੀ ਮਹਾਨਤਾ ਹੈ।" ਜੇ ਸਾਨੂੰ ਕਿਸੇ ਨੇ ਟੋਕਿਆ, ਵਰਜਿਆ ਹੁੰਦਾ ਜਾ ਜਾਣਕਾਰੀ ਦਿੱਤੀ ਹੁੰਦੀ ਤਾਂ ਮੈਂ ਐਸੀ ਭੁੱਲ ਕਿਉਂ ਕਰਦਾ ?"

ਲੜਕੀ : ਵੀਰ ਜੀ, ਤੁਸੀਂ ਹਰ ਸਾਲ ਵਿਸਾਖੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਦੇ ਹੋ? ਉਥੇ ਤੁਸੀਂ ਕੀ ਸੁਣਦੇ ਹੋ ? ਰਾਗੀ ਤੇ ਪ੍ਰਚਾਰਕ ਹਰ, ਸਾਲ ਗੁਰੂ ਸਾਹਿਬ ਦੀ ਲਾਈਫ਼ ਅਤੇ ਕੁਰਬਾਨੀਆ 'ਤੇ ਚਾਨਣ ਪਾਉਂਦੇ ਹਨ, ਸਿੱਖੀ ਦਾ ਇਤਿਹਾਸ ਦੁਹਰਾਉਂਦੇ ਹਨ, ਅੰਮ੍ਰਿਤ ਪ੍ਰਚਾਰ ਕਰਦੇ ਹਨ, ਤੇ ਪੰਜ ਕਕਾਰਾਂ ਦੇ ਮਹੱਤਵ ਉਤੇ ਵੀ ਚਾਨਣ ਪਾਉਂਦੇ ਹਨ, ਕੀ ਤੁਸੀਂ ਕਦੇ ਉਨ੍ਹ ਦੀਆ ਗੱਲਾ ਤੇ ਉਪਦੇਸ਼ਾ ਵੱਲ ਧਿਆਨ ਵੀ ਕੀਤਾ ਹੈ, ਪਰ ਨਹੀਂ ਤੁਸੀਂ ਤਾ ਸ਼ਾਇਦ ਉਥੇ ਇਕ ਮੇਲਾ ਦੇਖਣ ਹੀ ਜਾਦੇ ਹੋਵੋਗੇ, ਪ੍ਰਚਾਰਕ ਜੋ ਕੁਝ ਕਹਿ ਰਹੇ ਹੁੰਦੇ ਹਨ, ਉਹ ਤਾਂ ਤੁਹਾਡੇ ਭਾਣੇ ਬੁੱਢਿਆ ਠੇਰਿਆਂ ਲਈ ਕਿਹਾ ਜਾ ਰਿਹਾ ਹੁੰਦਾ ਹੈ।"

ਨੌਜਵਾਨ : ਭੈਣ ਜੀ, ਮੈਂ ਵਾਕਈ ਅੱਜ ਹੱਦੋਂ ਵੱਧ ਸ਼ਰਮਿੰਦਾ ਹਾ, ਹੁਣ ਤੁਸੀਂ ਹੀ ਕੋਈ ਉਪਾਅ ਦੱਸੋ। ਮੈਨੂੰ ਕੀ ਕਰਨਾ ਚਾਹੀਦਾ ਹੈ ਜੋ ਇਸ ਸ਼ਰਮਿੰਦਗੀ ਤੋਂ ਬਚ ਸਕਾਂ ?"

ਲੜਕੀ : ਕਰਨਾ ਕੀ ਹੈ ? ਅਜੇ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ, ਜੋ ਭੁੱਲ ਹੋ ਗਈ ਉਹ ਬਖਸ਼ਾ ਲਓ, ਤੇ ਜਿਤਨਾ ਸਮਾ ਪੜ੍ਹਾਈ ਤੋਂ ਬਾਅਦ ਨਾਵਲਾਂ ਪੜ੍ਹਨ ਅਤੇ ਫ਼ਿਲਮਾ ਵੇਖਣ 'ਤੇ ਲਾਉਂਦੇ ਹੋ, ਉਹ ਗੁਰਮਤਿ-ਸਾਹਿਤ ਪੜ੍ਹਨ ਵਿੱਚ ਲਗਾਓ, ਤੁਹਾਨੂੰ ਆਪੇ ਸਮਝ ਆ ਜਾਵੇਗੀ ਕਿ ਤੁਸੀਂ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ, ਅਸਲ ਵਿੱਚ ਸਿੱਖੀ ਤੋਂ ਕਿਤਨੀ ਦੂਰ ਹੋ, ਬਲਕਿ ਸਿੱਖੀ ਲਈ ਇੱਕ 'ਲਾਜ ਹੋ। ਅਜਿਹੇ ਲੋਕ ਨਾ ਹਿੰਦੂਆ ਦੀ ਸ੍ਰੇਣੀ ਵਿੱਚ ਆਉਂਦੇ ਹਨ, ਨਾ ਮੁਸਲਮਾਨਾਂ ਦੀ, ਤੇ ਨਾ ਹੀ ਇਹ ਪੂਰੇ ਸਿੱਖ ਹਨ, ਫਿਰ ਇਹ ਹੈਨ ਕੌਣ ਤੁਸੀਂ ਆਪ ਹੀ ਅੰਦਾਜ਼ਾ ਲਾ ਲਓ ਭਲਾ ?

ਨੌਜਵਾਨ : (ਖੁਸ਼ ਹੁੰਦਾ ਹੋਇਆ) "ਅੱਛਾ ਭੈਣ ਜੀ, ਹੁਣ ਮੈਂ ਤੁਹਾਡੀ ਪੂਰੀ ਵਾਰਤਾਲਾਪ ਦਾ ਮਤਲਬ ਚੰਗੀ ਤਰ੍ਹਾ ਸਮਝ ਸਕਿਆ ਹਾਂ, ਮੈਂ ਆਪਣੀ ਪਿਛਲੀ ਭੁੱਲ 'ਤੇ ਸ਼ਰਮਿੰਦਾ ਹਾਂ ਤੇ ਤੁਸੀਂ ਵੇਖਣ ਮੇਰੇ ਸਾਹਮਣੇ ਜਦੋਂ ਵੀ ਕੋਈ ਮੌਕਾ ਅੰਮ੍ਰਿਤ ਪਾਨ ਕਰਨ ਦਾ ਅਗਲੇ ਸਾਲ ਤੋਂ ਪਹਿਲੋ-ਪਹਿਲੇ ਆਇਅ ਤਾ ਤੁਸੀਂ ਮੈਨੂੰ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਦੇ ਰੂਪ ਵਿੱਚ ਵੇਖੋਗੇ। ਮੈਂ ਹੁਣ ਤੋਂ ਹੀ ਅਮਲੀ ਤੌਰ 'ਤੇ ਸਿੱਖੀ ਦੀਆਂ ਅਸਲੀ ਰਾਹਾਂ ਵੱਲ ਤੁਰਨਾ ਸ਼ੁਰੂ ਕਰ ਦਿਆਂਗਾ। ਤੁਹਾਡਾ ਮੈਂ ਬੜਾ ਧੰਨਵਾਦੀ ਹਾ। ਕਾਸ਼ ! ਤੁਹਾਡੇ ਉਪਕਾਰ ਦਾ ਮੈਂ ਕੁਝ ਮੁੱਲ ਉਤਾਰ ਸਕਦਾ ।"

ਲੜਕੀ : (ਗੱਦ ਗੱਦ ਹੋ ਕੇ) "ਵੀਰ ਮੇਰੇ, ਮੁੱਲ ਤਾਰਨਾ ਚਾਹੁੰਦੇ ਹੋ ਤਾਂ ਫਿਰ ਪ੍ਰਣ ਕਰੋ ਜਿੰਦਾ ਤੁਸੀਂ ਆਪਣੀ ਕਾਇਆ-ਕਲਪ ਕੀਤੀ ਹੈ, ਉਸੇ ਤਰ੍ਹਾ ਸਿੱਖੀ ਤੋਂ ਢਹਿੰਦੇ ਹੋਰਨਾ ਵੀਰਨਾਂ ਨੂੰ ਵੀ ਸਿੱਧੇ ਰਸਤੇ ਪਾਓਗੇ। ਬੋਲੋ ਮੰਜ਼ੂਰ ਏ ?"

ਨੌਜਵਾਨ : "ਬੇਸ਼ਕ ਵੀਅਦਾ ਰਿਹਾ।"

(ਇਸ ਤੋਂ ਬਾਅਦ ਦੋਵੇਂ ਫਤਹਿ ਬੁਲਾ ਕੇ ਵਿਦਾ ਹੋ ਜਾਦੇ ਹਨ।)

---



www.AKJ.Org

# ਖਾਲਸਾ ਪਦ ਦੀ ਅਵੱਸਥਾ ਤੇ ਭਾਵ

(ਗਿ: ਊਧਮ ਸਿੰਘ ਜੀ)

* ਖ਼ਾਲਸਾ, ਖ਼ਲੂਸ, ਤੇ ਖ਼ਲਾਸ, ਤਿੰਨੇ ਪਦ ਅਰਬੀ ਦੇ ਹਨ, ਜਿਨ੍ਹਾ ਦੇ ਅਰਥ ਹਨ ਪਵਿੱਤ੍ਰ, ਮਿੱਤ੍ਰ, ਤੇ ਸੁਤੰਤ੍ਰ ਜੋ ਕਿਸੇ ਗੁਰ ਸਿੱਖ ਤੇ ਹੀ ਘਟਦੇ ਹਨ।
* ਖਾਲਸਾ ਉਹ ਹੈ, ਜੋ ਮਨ ਦਾ ਪਵਿੱਤ੍ਰ ਤੇ ਸਾਬਤ ਸੂਰਤ ਹੈ, ਜਿਸ ਨੇ ਅੰਮ੍ਰਿਤ ਪਾਨ ਕੀਤਾ ਹੈ, ਪੰਜ ਕਕਾਰ ਦੀ ਰਹਿਤ ਰਖਦਾ ਹੈ ਤੇ ਨਿੱਤ ਨੇਮੀ ਹੈ।
* ਗੁਰੂ ਦਾ ਖਾਲਸਾ ਪ੍ਰਮਾਤਮਾ ਤੇ ਗੁਰੂ ਤੋਂ ਬਿਨਾਂ ਨਾ ਕਿਸੇ ਦਾ ਭੈ ਮੰਨਦਾ ਹੈ, ਨਾ ਕਿਸੇ ਨੂੰ ਭੈ ਦੇਂਦਾ ਹੈ ਅਤੇ ਨਾ ਹੀ ਕਿਸੇ ਨਾਲ ਦਿਲੋਂ ਵੈਰ ਭਾਵ ਰੱਖਦਾ ਹੈ।
* ਗੁਰੂ ਦੇ ਖਾਲਸੇ ਦੀ ਦੀਦਾਰੀ ਸਰੂਪ, ਗੁਰਮੁਖੀ ਲਿਬਾਸ, ਮਿੱਠੇ ਬੋਲ, ਧੀਰਜ ਵਾਨ ਬਿਰਤੀ ਤੇ ਵਿਸ਼ਾਲ ਹਿਰਦਾ ਆਮ ਮਨੁੱਖ ਤੋਂ ਨਿਰਾਲੇ ਹੋਂਦੇ ਹਨ।
* ਪਵਿੱਤ੍ਰ ਹਿਰਦੇ ਵਾਲਾ ਖ਼ਾਲਸਾ ਕਿਸੇ ਉਤੇ ਮੈਲੀ ਦ੍ਰਿਸ਼ਟੀ ਨਹੀਂ ਰੱਖਦਾ, ਕਿਸੇ ਦਾ ਹੱਕ ਨਹੀਂ ਮਾਰਦਾ ਅਤੇ ਨਾ ਹੀ ਕਿਸੇ ਨਾਲ ਵੈਰ ਭਾਵ ਰੱਖਦਾ।
* ਪੰਥ ਲਈ ਖਾਲਸਾ (ਪਵਿੱਤ੍ਰ) ਅਵੱਸਥਾ ਵਾਲੇ ਥੋੜੇ ਸਿੰਘਾ ਦਾ ਸਮੇਲਨ ਵੀ ਲੱਖਾ ਖਿਚੜੀ ਮੇਲ ਲੋਕਾ ਦੇ ਸੰਮੇਲਨ ਦੇ ਨਾਲੋਂ ਵਧੇਰੇ ਲਾਹੇਵੰਦ ਹੈ
* ਜੇ ਰਹਿਤ ਹੀਨ, ਦਾੜ੍ਹੀ ਕੱਟੇ ਤੇ ਟੋਡੀ ਸਿੱਖ ਵੀ ਅਜੋਕੀ ਦੁਨੀਆਂ ਵਿੱਚ ਖ਼ਾਲਸਾ ਹੋਣ ਦਾ ਦਮ ਭਰਦੇ ਹਨ ਤਾਂ ਇਹ 'ਗੁਰੂ ਖ਼ਾਲਸੇ ਦਾ ਅਪਮਾਨ ਹੈ।
* ਭਾਈ, ਸਿੱਖ, ਤੇ ਸਿੰਘ ਕਹਾਉਣਾ ਵੀ ਅਸਾਨ ਨਹੀਂ, ਪਰ ਖ਼ਾਲਸਾ ਕਹਾਉਣਾ ਤਾਂ ਹੋਰ ਵੀ ਕਠਿਨ ਹੈ, ਕਿਉਂਕਿ ਇਹ ਮਨੁੱਖ ਦੀ ਸਰਬੋਤਮ ਅਵੱਸਥਾ ਹੈ।
* ਮਲੀਨ ਤੇ ਸ੍ਵਾਰਥੀ ਬਿਰਤੀ ਵਾਲੇ ਜੋ ਲੋਕ ਆਪਣੇ ਨਾ ਨਾਲ ਖ਼ਾਲਸਾ ਪਦ ਜੋੜਨ ਲਗ ਪਏ ਹਨ, ਉਹ ਇਸ ਪਦ ਦਾ ਅਪਮਾਨ ਕਰਦੇ ਹਨ।
* ਪਹਿਲੇ ਤਿੰਨ ਪਦ ਤਾ ਸਿੰਘ ਦੀ ਵੱਖ ਵੱਖ ਅਵੱਸਥਾ ਦੇ ਹੀ ਲਖਾਇਕ ਹਨ, ਪਰ ਖਾਲਸਾ ਪਦ ਅੰਤਮ ਅਤੇ ਪੂਰਨ ਅਵੱਸਥਾ ਦਾ ਸੂਚਕ ਹੈ।
* ਜੋ ਗੁਰੂ ਤੋਂ ਬੇਮੁਖ, ਮਨੁੱਖੀ ਵਿਤਕਰਾ ਰੱਖਣ ਵਾਲਾ, ਬੁਜ਼ਦਿਲ, ਸਰੀਰ ਦਾ ਖੰਡਤ, ਤੇ ਮਨ ਦਾ ਅਪਵਿੱਤ੍ਰ ਹੈ, ਉਹ ਖਾਲਸਾ ਕਹਾਉਣ ਦੇ ਯੋਗ ਨਹੀਂ।
* ਖਾਲਸੇ ਦਾ ਮਨ ਉਸ ਦੇ ਅਧੀਨ ਹੁੰਦਾ ਹੈ, ਉਹ ਮਨ ਦੇ ਅਧੀਨ ਨਹੀਂ ਹੁੰਦਾ, ਤੇ ਗਿਆਨ ਇੰਦ੍ਰੇ ਅਤੇ ਕਰਮ ਇੰਦ੍ਰੇ, ਉਸ ਦੇ ਵੱਸ ਵਿੱਚ ਹੁੰਦੇ ਹਨ।
* ਮੰਦਰ ਮਸਜਿਦ, ਤੇ ਗਿਰਜਾ ਆਦਿ ਸੱਭ ਰੱਬ ਦੀ ਯਾਦ ਵਾਲੇ ਅਸਥਾਨ ਹਨ, ਪਰ ਖ਼ਾਲਸਾ ਗੁਰੂ ਤੋਂ ਬਿਨਾਂ ਹੋਰ ਕਿਸੇ ਅੱਗੇ ਸਿਰ ਨਹੀਂ ਝੁਕਾਂਦਾ।
* ਖ਼ਾਲਸਾ ਕਿਸੇ ਅਸਥਾਨ ਜਾ ਵਿਅਕਤੀ ਦਾ ਆਦਰ ਸੀਸ ਝੁਕਾਉਣ ਤੋਂ ਬਿਨਾਂ ਵੀ ਕਰ ਸਕਦਾ ਹੈ, ਸੀਸ ਝੁਕਾਉਣਾ ਯੋਗ ਨਹੀਂ, ਜੋ ਗੁਰੂ ਦੀ ਅਮਾਨਤ ਹੈ।
* ਖ਼ਾਲਸਾ ਕਹਾਉਣ ਵਾਲੇ, ਜੇਹੜੇ ਲੋਕ ਨਿੱਜੀ ਸ੍ਵਾਰਥਾਂ ਲਈ ਕਿਸੇ ਮੜ੍ਹੀ ਮਸਾਂਨ ਦੇ ਅੱਗੇ ਸਿਰ ਝੁਕਾਂਦੇ ਹਨ, ਉਹ ਸਿੱਖੀ ਦਾ ਸਿਰ ਨੀਵਾਂ ਕਰਦੇ ਹਨ।
* ਖ਼ਾਲਸਾ ਪਦ ਦੀ ਅਵੱਸਥਾ ਨੂੰ ਪ੍ਰਾਪਤ ਕਰਨ ਲਈ ਹਰ ਗੁਰਸਿੱਖ ਨੂੰ ਚਾਹੀਦਾ ਹੈ ਕਿ ਗੁਰਮਤਿ ਗਾਡੀ ਰਾਹ ਦਾ ਜੀਵਨ ਭਰ ਤਿਆਗ ਨਾ ਕਰੇ।
* ਗੁਰੂ ਦਾ ਸਿੱਖ (ਖ਼ਾਲਸਾ) ਹਮੇਸ਼ਾ ਪ੍ਰਭੂ ਦਾ ਸੰਗ, ਰੱਬੀ ਯਾਦ ਵਾਲਿਆਂ ਦੀ ਸੋਹਬਤ ਅਤੇ ਨਾਮ ਰਸੀਆਂ ਦਾ ਸਾਥ ਹੀ ਭਾਲਦਾ ਹੈ, ਅਨਮਤੀਆ ਦਾ ਨਹੀਂ।
* ਜਿਵੇਂ ਸੰਤ ਤੇ ਮਹੰਤ ਨਾ ਕਰਣੀ ਦੀ ਘਾਟ ਕਾਰਣ ਆਦਰ ਯੋਗ ਨਹੀਂ ਰਹੇ, ਇਵੇਂ ਕਰਣੀ ਤੋਂ ਹੀਨੇ ਲੋਕ ਖ਼ਾਲਸਾ ਪਦ ਦਾ ਮਾਣ ਘਟਾ ਰਹੇ ਹਨ।



www.AKJ.Org

ਆਰ. ਐਸ. ਐਸ ਵੱਲੋਂ ਸਿੱਖ ਧਰਮ ਬਾਰੇ ਪਾਏ ਜਾ ਰਹੇ ਭੁਲੇਖਿਆ ਦੇ ਪ੍ਰਸੰਗ 'ਚ

# ਕੁਝ ਸਵਾਲ ਇਹ ਵੀ

(ਜਸਪਾਲ ਸਿੰਘ -ਚੈਅਰਮੈਨ ਹਿਊਮਨ ਰਾਈਟਸ ਐਂਡ ਡੈਮੋਕਰਸੀ ਫੋਰਮ ਮੁਹਾਲੀ)

ਪ੍ਰਸ਼ਨ : ਮਾਧੋ ਦਾਸ ਵੈਰਾਗੀ ਕੌਣ ਸੀ ?

ਉਤਰ : ਰਿਧੀਆ ਸਿਧੀਆ ਦ ਗੁਮਰਾਹ ਕੀਤਾ ਇਕ ਤਾਂਤਰਿਕ ਜੋ ਜੀਵਨ ਤੋਂ ਉਦਾਸ ਹੋ ਕੇ ਇੱਕ ਉਦਾਸੀ ਡੇਰੇ ਦਾ, ਮੁਖੀ ਬਣਿਆ ਬੈਠਾ ਸੀ।

ਪ੍ਰਸ਼ਨ : ਕੀ ਸੰਸਾਰ ਦੇ ਇਤਿਹਾਸ ਵਿਚ ਕੋਈ ਇਹੋ ਜਿਹੀ ਮਿਸਾਲ ਹੈ ਜਦੋਂ ਕਿਸੇ ਧਰਮ ਦੇ ਪੈਗੰਬਰ ਨੇ ਦੂਜਿਆਂ ਦੇ ਧਾਰਮਿਕ ਅਕੀਦਿਆ ਦੀ ਰਾਖੀ ਲਈ ਸਹਾਦਤ ਦਿੱਤੀ ਹੋਏ ?

ਉਤਰ : ਗੁਰੂ ਤੇਗ ਬਹਾਦਰ ਸਾਹਿਬ ਤੋਂ ਇਲਾਵਾ ਹੋਰ ਕੋਈ ਨਹੀਂ, ਕੋਈ ਨਹੀਂ।

ਪ੍ਰਸ਼ਨ : ਇਕ ਹੋਰ ਗੁੰਝਲ ਖੋਲੋ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਨੇ ਤਾ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤ ਪਰ ਫੇਰ ਕੀ ਕਾਰਨ ਹੈ ਕਿ ਨੌਵੇਂ ਪਾਤਸ਼ਹ ਗੁਰੂ ਤੇਗ ਬਹਾਦਰ ਸਾਹਿਬ ਨੇ ਤਿਲਕ ਅਤੇ ਜੰਞੂ ਦੀ ਰਾਖੀ ਲਈ ਸ਼ਹੀਦੀ ਦਿੱਤੀ ?

ਉਤਰ : ਪਹਿਲੇ ਗੁਰੂ ਨੇ ਜਨੇਊ ਪਾਉਣ ਤੋਂ ਇਨਕਾਰ ਕਰਕੇ ਇਹ ਐਲਾਨ ਕੀਤਾ ਕਿ ਅਸੀਂ ਹਿੰਦੂ ਨਹੀਂ ਜਦ ਕਿ ਨੌਵੇਂ ਗੁਰੂ ਨੇ ਤਿਲਕ ਤੇ ਜੰਞੂ ਦੀ ਰਾਖੀ ਲਈ ਸ਼ਹੀਦੀ ਦੇ ਕੇ ਇਹ ਐਲਾਨ ਕੀਤਾ ਕਿ ਕਿਸੇ ਦੇ ਧਰਮ ਨੂੰ ਜ਼ਬਰਦਸਤੀ ਬਦਲਣਾ ਵੀ ਸਾਨੂੰ ਪਰਵਾਨ ਨਹੀਂ।

ਪ੍ਰਸ਼ਨ : ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ ਪਿਛੋਂ ਮਾਧੋ ਦਾਸ ਵੈਰਾਗੀ ਦਾ ਕੀ ਬਣਿਆ।

ਉਤਰ : ਗੁਰੂ ਗੋਬਿੰਦ ਸਿੰਘ ਨਾਲ ਮੁਲਾਕਾਤ ਪਿਛੋਂ ਉਨ੍ਹਾਂ ਨੇ ਅੰਮ੍ਰਿਤ ਛਕਿਆ ਅਤੇ ਇਤਿਹਾਸ ਵਿੱਚ ਬੰਦਾ ਸਿੰਘ ਬਹਾਦਰ ਦੇ ਨਾਅ ਨਾਲ ਪ੍ਰਸਿੱਧ ਹੋਇਆ।

ਪ੍ਰਸ਼ਨ : ਬੰਦਾ ਸਿੰਘ ਦੇ ਇਤਿਹਾਸਕ ਕਾਰਨਾਮਿਆਂ ਬਾਰੇ ਵੀ ਕੋਈ ਰੋਸ਼ਨੀ ਪਾਓ।

ਉਤਰ : (ੳ) ਉਸ ਨੇ ਪੰਜਾਬ ਵਿੱਚ ਪਹਿਲਾ ਖਾਲਸਾ ਰਾਜ ਕਾਇਮ ਕੀਤਾ।

(ਅ) ਉਸ ਨੇ ਗੁਰੂ ਸਾਹਿਬ ਦੇ ਨਾਅ 'ਤੇ ਸਿੱਕੇ ਜਾਰੀ ਕੀਤੇ।

(ੲ) ਉਸ ਨੇ ਛੋਟੇ ਸਾਹਿਬਜ਼ਾਦਿਆ ਦੀ ਸ਼ਹੀਦੀ ਦਾ ਬਦਲਾ ਲਿਆ।

(ਸ) ਉਸ ਨੇ ਹੀ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ।

(ਹ) ਉਸ ਨੇ ਹੀ ਪੰਜਾਬ ਵਿੱਚ ਜਗੀਰਦਾਰੀ ਰਾਜ ਖਤਮ ਕੀਤਾ ਤੇ ਕਮੀ ਕਮੀਨਾਂ ਨੂੰ ਜਮੀਨਾ ਦੇ ਸਰਦਾਰ ਬਣਾਇਆ।

(ਕ) ਆਖਰ ਨੂੰ ਓੜਕਾ ਦੇ ਤਸੀਹੇ ਝੱਲ ਕੇ ਅਤੇ ਦੁਨੀਆਂ ਦੇ ਇਤਿਹਾਸ ਵਿਚ ਨਿਰਭੈਤਾ ਤੇ ਨਿਰਵੈਰਤਾ ਦਾ ਅਲੌਕਿਕ ਪ੍ਰਦਰਸ਼ਨ ਕਰਕੇ ਆਪਣੇ ਸੈਕੜੇ ਸਾਥੀ ਸਿੰਘਾਂ ਦੇ ਨਾਲ ਸ਼ਹਾਦਤ ਦਾ ਜਾਮ ਪੀਤਾ।

ਪ੍ਰਸ਼ਨ : ਬੰਦਾ ਸਿੰਘ ਬਹਾਦਰ ਨਾਲ ਸ਼ਹੀਦ ਹੋਣ ਵਾਲੇ ਹੋਰ ਕਿੰਨੇ ਸਿੰਘ ਸਨ?

ਉਤਰ : ਬੰਦਾ ਸਿੰਘ ਬਹਾਦਰ ਨਾਲ 700 ਤੋਂ ਉਪਰ ਸਿੰਘਾਂ ਨੇ ਸ਼ਹੀਦੀ ਦਿਤੀ, ਤਸੀਹੇ ਝੱਲੇ ਅਤੇ ਇੱਕ ਵੀ ਸਿੰਘ ਮੌਤ ਤੋਂ ਘਬਰਾਇਆ ਨਹੀਂ, ਡਰਿਆ ਨਹੀਂ। ਇਸ ਦੀ ਇਤਿਹਾਸਕ ਗਵਾਹੀ ਅੰਗਰੇਜ਼ਾਂ ਨੇ ਦਿੱਤੀ ਹੈ।

ਪ੍ਰਸ਼ਨ : ਉਸ ਵਿਅਕਤੀ ਦਾ ਨਾਅ ਦੱਸੋ ਜਿਸ ਨੇ ਗੁਰੂ ਗੋਬਿੰਦ ਸਿੰਘ ਦੀ ਫੌਜ ਵਿੱਚ ਸ਼ਾਮਲ ਹੋ ਕੇ ਆਪਣੇ ਦੋ ਪੁੱਤਰ ਸ਼ਹੀਦ ਕਰਵਾਏ ਅਤੇ ਗੁਰੂ ਜੀ ਦਾ ਕਦੇ ਵੀ ਸਾਥ ਨਾ ਛੱਡਿਆ ।

ਉਤਰ : ਅੰਬਾਲਾ ਦੇ ਨੇੜੇ ਸਢੌਰਾ ਪਿੰਡ ਦਾ ਸਈਅਦ ਪੀਰ ਬੁਧੂ ਸ਼ਾਹ। ਭੰਗਾਣੀ ਦੇ ਯੁੱਧ ਵਿਚ ਉਹ ਆਪਣੇ 700 ਮੁਰੀਦਾ ਨਾਲ ਗੁਰੂ ਗੋਬਿੰਦ ਸਿੰਘ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਿਆ, ਆਪਣੇ ੨ ਪੁੱਤਰ ਅਤੇ ਇਕ ਭਰਾ ਸ਼ਹੀਦ ਕਰਾਇਆ। ਇਸ ਤੋਂ ਬਿਨਾ ਪੀਰ ਜੀ ਦੇ ਹੋਰ ਬਹੁਤ ਸਾਰੇ ਮੁਰੀਦ ਵੀ ਇਸੇ ਜੰਗ ਵਿੱਚ ਸ਼ਹੀਦ ਹੋਏ।



www.AKJ.Org

# ਅੰਮ੍ਰਿਤ

## ਸਾਨੂੰ ਮਿਲਿਆ ਹੈ ਖੰਡੇ ਦੀ ਧਾਰ ਵਿਚੋਂ

*(ਗੁਰਦੇਵ ਸਿੰਘ ਗੌਹਰ)*

1. ਜਦੋਂ ਧਰਤੀ ਇਹ ਪਾਪਾਂ ਨੇ ਆਣ ਦੱਬੀ, ਧਰਮ ਗਿਆ ਸੀ ਉਡ ਸੰਸਾਰ ਵਿਚੋਂ।
ਸਦਾ ਧਰਮ ਤੇ ਧਰਮੀ ਤੇ ਜ਼ੁਲਮ ਹੁੰਦੇ, ਉਡੀ ਮਹਿਕ ਸੀ ਹਿੰਦ ਗੁਲਜ਼ਾਰ ਵਿਚੋਂ।
ਅਪਣੀ ਜਨਤਾ ਦੀ ਪਾਲਣਾ ਆਪ ਕਰਨੀ, ਕਾਨੂੰਨ ਮੁਕਿਆ ਇਹ ਹਿੰਦ ਸਰਕਾਰ ਵਿਚੋਂ।
ਮਦਦ ਮਦਦ ਮੁਖੋਂ ਪੁਕਾਰ ਦੀ ਸੀ, ਆਵਾਜ਼ ਆਉਂਦੀ ਸੀ ਦੇਸ਼ ਪੁਕਾਰ ਵਿਚੋਂ।
ਲੱਭ ਲੱਭ ਕੇ ਜਦੋਂ ਸਾ ਥੱਕ ਚੁੱਕੇ, ਫੇਰ ਲੱਭਿਆ ਉਹ ਗੁਰੂ ਦੇ ਪਿਆਰ ਵਿਚੋਂ।।
ਰਿਸ਼ੀ ਮੁਨੀ ਜਿਸ ਤਾਈਂ ਲੋਚਦੇ ਸੀ, ਸਾਨੂੰ ਮਿਲਿਆ ਹੈ ਖੰਡੇ ਦੀ ਧਾਰ ਵਿਚੋਂ।

੨. ਹੁਕਮ ਨਾਮੇ ਸਿੰਘਾਂ ਨੂੰ ਭੇਜ ਕੇ ਤੇ, ਦਿਨ ਅੱਜ ਦੇ ਇਥੇ ਦੀਵਾਨ ਕੀਤਾ।
ਜਿੰਦ ਅਪਣੀ ਜ੍ਹਿਹਨੂੰ ਹੈ ਬਹੁਤ ਪਿਆਰੀ, ਜਾਓ ਚਲੇ ਇਹ ਆਪ ਐਲਾਨ ਕੀਤਾ।
ਸਿਰਾਂ ਪੰਜਾਂ ਦੀ ਮੈਨੂੰ ਲੋੜ ਭਾਈ, ਤੇਗ ਖਿੱਚ ਕੇ ਮੁਖੋਂ ਬਿਆਨ ਕੀਤਾ।
ਵਾਰੀ ਵਾਰੀ ਉਠ ਕੇ ਪੰਜ ਆਏ, ਉਨ੍ਹਾਂ ਪੰਜਾਂ ਤੇ ਗੁਰੂ ਨੇ ਮਾਨਿ ਕੀਤਾ।
ਦੇਖ ਦੇਖ ਕੇ ਦੁਨੀਆ ਕੰਬਦੀ ਸੀ, ਲਹੂ ਚੋਂਦਾ ਸੀ ਜਦੋਂ ਤਲਵਾਰ ਵਿਚੋਂ।
ਅੰਮ੍ਰਿਤ ਮੋਇਆ ਨੂੰ ਜਿੰਦਿਆ ਕਰਨ ਵਾਲਾ, ਸਾਨੂੰ ਮਿਲਿਆ ਹੈ ਖੰਡੇ ਦੀ ਧਾਰ ਵਿਚੋਂ।।

3. ਲਿਆ ਜਲ ਸੁੱਚਾ ਗੁਰੂ ਦਸਮੇਸ਼ ਜੀ ਨੇ, ਕਲਾ ਅਪਣੀ ਫੇਰ ਵਿੱਚ ਪਾਉਣ ਲੱਗੇ।
ਪ੍ਰੇਮ ਦਰਦ ਦੀ ਉਸ ਵਿੱਚ ਪਾ ਮਿਠੱਤ, ਪੰਜੇ ਬਾਣੀਆ ਆਪ ਪੜ੍ਹਾਉਣ ਲੱਗੇ।
ਜਿਨ੍ਹਾਂ ਪੰਜਾਂ ਨੇ ਪਹਿਲਾ ਸੀ ਭੇਟ ਦਿੱਤੀ, ਉਨ੍ਹਾਂ ਪੰਜਾ ਨੂੰ ਹੱਸ ਬੁਲਾਉਣ ਲੱਗੇ।
ਛਕਾ ਕੇ ਪੰਜਾ ਨੂੰ ਮਗਰੋਂ ਸੀ ਆਪ ਛਕਿਆ, ਗੁਰੂ ਚੇਲੇ ਦਾ ਵਾਰ ਨਿਭਾਉਣ ਲੱਗੇ।
ਵਾਰੀ ਵਾਰੀ ਸਿੰਘ ਸਜਾ ਕੇ ਤੇ, ਪਾਰ ਕੀਤੇ ਸੀ ਸਿੰਧ ਸੰਸਾਰ ਵਿਚੋਂ।
ਸਮੁੰਦਰ ਰਿੜਕਿਆਂ ਜਿਹੜਾ ਸੀ ਨਹੀਂ ਮਿਲਿਆ, ਸਾਨੂੰ ਮਿਲਿਆ ਹੈ ਖੰਡੇ ਦੀ ਧਾਰ ਵਿਚੋਂ

4. ਇਹ ਨਮਾਣੀ ਹਿੰਦ ਦੀ ਰੱਛਿਆ ਲਈ, ਪੈਦਾ ਅੱਜ ਸੀ ਸਿੰਘ ਸਰਦਾਰ ਕੀਤੇ।
ਜ਼ੋਰ ਜ਼ੁਲਮ ਤੇ ਜਾਬਰ ਦੇ ਮਾਰਨੇ ਲਈ, ਨਵੇਂ ਸ਼ੇਰ ਸੀ ਇਹ ਤਿਆਰ ਕੀਤੇ।
ਡੁਬਦੀ ਹਿੰਦ ਦੇ ਬੇੜੇ ਨੂੰ ਤਾਰਨੇ ਲਈ, ਸ਼ਹੀਦ ਅਪਣੇ ਨਾਲ ਸੀ ਚਾਰ ਕੀਤੇ।
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦੇਸ਼ ਤੇ ਐਡੇ ਉਪਕਾਰ ਕੀਤੇ।
ਅਜੀਤ, ਜੁਝਾਰ ਨੂੰ ਮਿਲਨ ਨੂੰ ਜੀ ਕਰਦਾ, ਅਵਾਜ਼ ਆਵੇ ਇਹ ਸਰਹੰਦ ਦੀਵਾਰ ਵਿਚੋਂ।
ਪੰਥ ਸਦਾ ਇਹ ਸੋਮਾ ਕੁਰਬਾਨੀਆਂ ਦਾ, ਸਾਨੂੰ ਮਿਲਿਆ ਹੈ ਖੰਡੇ ਦੀ ਧਾਰ ਵਿਚੋਂ।।

5. ਗਊ ਗਰੀਬ ਦੀ ਰਛਿੱਆ ਕੰਮ ਤੁਹਾਡਾ, ਜਿੰਦ ਪਾਇਓ ਦੁਖੀ ਦੀ ਜਾਨ ਅੰਦਰ।
ਵਿੱਚ ਜੰਗ ਦੇ ਸਦਾ ਹੀ ਜਿੱਤ ਹਊ, ਹਊ ਹਾਰ ਨ ਕਦੀ ਮੈਦਾਨ ਅੰਦਰ।
ਬਾਹਿਰ ਅੰਦਰ ਨਹੀਂ ਲਭੱਣ ਦੀ ਲੋੜ ਕੋਈ, ਸਾਨੂੰ ਲਭਿਊ ਬਾਣੀ ਦੇ ਪਿਆਰ ਅੰਦਰ।
ਜਿਹੜੀ ਸਿੰਘੋ ਤੁਹਾਨੂੰ ਬਖਸ਼ ਦਿੱਤੀ, ਬਲ ਸਾਰਾ ਹੈ ਏਸ ਕ੍ਰਿਪਾਨ ਅੰਦਰ।
ਗੌਹਰ ਦੇਸ਼ ਦੇ ਲਈ ਹਾ ਤਿਆਰ ਹਰਦਮ, ਮਹਿਕ ਆਵੇ ਇਹ ਸਿੰਘਾਂ ਦੇ ਪਿਆਰ ਵਿਚੋਂ
ਪੰਥ ਦੇਸ਼ ਦੀ ਰਛਿੱਆ ਕਰਨ ਵਾਲਾ, ਸਾਨੂੰ ਮਿਲਿਆ ਹੈ ਖੰਡੇ ਦੀ ਧਾਰ ਵਿਚੋਂ।।

---

## ਸੂਰਾ ਸਹਾਇਤਾ ਫੰਡ ਵਿਚ ਪੁੱਜੀ ਸਹਾਇਤਾ

| | | | |
|---|---|---|---|
| ਬੀਬੀ ਉਪਿੰਦਰ ਕੌਰ ਫਗਵਾੜਾ- | ੨00/- | ਗੁਪਤ- | 50/- |
| ਖੰਡਾ ਗਿਫਟ ਬੈਂਕ- | 145/- | ਗੁਪਤ- | 50/- |
| ਕੁਲਵੰਤ ਸਿੰਘ ਆਦਮਪੁਰ- | 100/- | ਗੁਪਤ- | 50/- |
| ਖਾਲਸਾ ਸਟੀਲ ਫਗਵਾੜਾ- | 100/- | | |



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਸੂਰਾ ਮਾਰਚ ੨੦੦੧ ਦੇਖੋ)

ਆਗੈ ਦਯੁ ਪਾਛੈ ਨਾਰਾਇਣ॥ਮਧਿ ਭਾਗਿ ਹਰਿ ਪ੍ਰੇਮ ਰਸਾਇਣ॥੧॥
ਪ੍ਰਭੂ ਹਮਾਰੈ ਸਾਸਤ੍ਰ ਸਉਣ॥
ਸੂਖ ਸਹਜ ਆਨੰਦ ਗ੍ਰਿਹ ਭਉਨ ॥੧॥ ਰਹਾਉ॥
ਰਸਨਾ ਨਾਮੁ ਕਰਨ ਸੁਣਿ ਜੀਵੇ॥
ਪ੍ਰਭੁ ਸਿਮਰਿ ਸਿਮਰਿ ਅਮਰ ਥਿਰੁ ਥੀਵੇ॥੨॥
ਜਨਮ ਜਨਮ ਕੇ ਦੂਖ ਨਿਵਾਰੇ॥ ਅਨਹਦ ਸਬਦ ਵਜੇ ਦਰਬਾਰੇ॥੩॥
ਕਰਿ ਕਿਰਪਾ ਪ੍ਰਭਿ ਲੀਏ ਮਿਲਾਏ॥
ਨਾਨਕ ਪ੍ਰਭ ਸਰਣਾਗਤਿ ਆਏ॥੪॥੭॥ (ਭੈਰਉ ਮਹਲਾ ੫ ਪੰਨਾ ੧੧੩੭)

ਵਿਆਖਿਆ: ਨਾਮ ਕਰਮਨੀ ਜੋਤਿ ਜਲਵਨੀ ਅਵਸਥਾ ਦੀ ਇਹ ਸਾਗੋ ਪਾਂਗ ਝਾਕੀ ਹੈ ਜੋ ਇਸ ਉਪਰਲੇ ਗੁਰਵਾਕ ਅੰਦਰਿ ਦਰਸਾਈ ਗਈ ਹੈ।ਜੋਤਿ ਰਸ ਦਰਸਾਰੀ ਵਾਹਿਗੁਰ ਦੀ ਅਰਾਧਨਾ ਹੀ ਚਾਰ ਚੁਫੇਰੇ ਐਉਂ ਹੁੰਦੀ ਹੈ ਕਿ ਹਰ ਪਾਸੇ ਵਾਹਿਗੁਰੂ ਹੀ ਵਾਹਿਗੁਰੂ ਆਪਣੇ ਜੋਤੀ ਵਿਗੱਸੀਏ ਜਲਵੇ ਵਿਚਿ ਝਲਕਾ ਮਾਰਦਾ ਹੈ। ਘਟ ਕੀ ਹੈ? ਵਾਹਿਗੁਰੂ ਦੀ ਪ੍ਰੇਮ ਰਸਾਇਣੀ ਪਾਰਸ ਜੋਤਾ ਦਾ ਜਗ ਮਗ ਜਲਵਨੀ ਘਰੁ ਬਣਿ ਰਹਿਆ ਹੈ। ਨਿਰੰਜਨੀ ਨਾਮ ਅਨਹਦ ਨਾਦੀਆ ਹੋ ਕੇ ਵੱਜ ਗੱਜ ਰਹਿਆ ਹੈ, ਜੋ ਮਨਾ ਉਤੇ ਸ਼ਬਦ ਗੁਰਾਣੀ ਜਾਪ ਹੋਕੇ ਆ ਮੁਹਾਰਾ (ਨਿਰਯਤਨ ਹੀ) ਵਜ ਰਿਹਾ ਹੈ ਜਿਸ ਨੂੰ ਸੁਣ ਸੁਣ ਕੇ ਕੰਨ ਜੀਉ ਰਹੇ ਹਨ। ਅਮਿਉ ਰਸ ਖੀਉਣੀ ਜੀਉਣੀ ਜੀ ਰਹੇ ਹਨ। ਅਤੇ ਰਸਨਾ ਅਤ ਰਸ ਰਸੀਲੀ ਹੋ ਕੇ ਬਿਸਮੀਲੀ ਬਿਸਮ ਜਰੀਲੀ ਹੋ ਰਹੀ ਹੈ ਬਿਸਮ ਰਸ•ਨੂੰ ਜਰ ਜਰ ਕੇ ਅਮਰ ਜੀਵਨੀਲੀ ਹੋ ਰਹੀ ਹੈ। ਸਰਵਣਾ ਅੰਦਰਿ ਭੀ ਅਤੇ ਜਿਹਬਾ ਉਪਰ ਵੀ ਅਨਹਦ ਨਾਦੀ ਵਾਹਿਗੁਰੂ ਨਾਮ ਦਾ ਸਿਮਰਨ ਹੋ ਰਿਹਾ ਹੈ। ਜਿਸ ਸਿਮਰਨ ਨੂੰ ਸੁਣ ਸੁਣ ਕੇ ਜਪ ਜਪ ਕ੍ਰੇ ਕਰਨ ਅਤੇ ਰਸਨਾ ਦੋਵੇ ਥਿਰ ਥੀਵ ਰਹੇ ਹਨ। ਐਸੇ ਨਾਮ ਸਮਾਇਣ ਕਰਮਾਇਣੀ ਰਸਾਇਣ (ਅੰਮ੍ਰਿਤ ਰਸ) ਪੀਵ ਸੁਨੀਵ ਰਹੇ ਹਨ ਕਿ ਜਨਮ ਜਨਮ ਦੇ ਦੂਖ ਨਿਵਾਰੇ ਗਏ। ਭਰਮ ਕਰਮਾਰੀ ਕਰਮ ਭਰਮਾਰੀ ਕਪਾਟ ਖੁਲ੍ਹ ਗਏ। ਧੁਰਿ ਦਰਬਾਰ ਦਸਮ ਦੁਆਰ ਵਿਚਿ ਵੱਜ ਰਹੇ ਅਨਹਦ ਸ਼ਬਦ ਨਿਰਾਲੇ ਸੁਣਨ ਲਗ ਪਏ। ਵਾਹਿਗੁਰੂ ਦਾ ਨਦਰ ਮਿਲਾਪੀ ਦਰਸ਼ਨ ਅਖੰਡ ਕੀਰਤਨ ਦੇ ਧੁਰਿ ਦਰਬਾਰੀ ਅਖਰ ਸ੍ਰਵਣ ਖੁਲਣ ਸਮੇਤ ਹੋਇਆ ਐਸਾ ਹੋਇਆ ਕਿ ਵਾਹਿਗੁਰੂ ਦੀ ਨੂਰ ਜ਼ਹੂਰੀ ਹਜ਼ੂਰੀ (ਸ਼ਰਨਾਗਤ) ਵਿਚਿ ਨਿਵਾਸ ਹੋ ਗਿਆ।

ਕੋਟਿ ਮਨੋਰਥ ਆਵਹਿ ਹਾਥ॥ ਜਮ ਮਾਰਗ ਕੈ ਸੰਗੀ ਪਾਂਥ॥੧॥
ਗੰਗਾ ਜਲੁ ਗੁਰ ਗੋਬਿੰਦ ਨਾਮ॥
ਜੋ ਸਿਮਰੈ ਤਿਸ ਕੀ ਗਤਿ ਹੋਵੈ
ਪੀਵਤ ਬਹੁੜਿ ਨ ਜੋਨਿ ਭ੍ਰਮਾਮ॥੧॥ ਰਹਾਉ॥
ਪੂਜਾ ਜਾਪ ਤਾਪ ਇਸਨਾਨ॥ ਸਿਮਰਤ ਨਾਮ ਭਏ ਨਿਹਕਾਮ॥੨॥
ਰਾਜ ਮਾਲ ਸਾਦਨ ਦਰਬਾਰ॥ ਸਿਮਰਤ ਨਾਮ ਪੂਰਨ ਆਚਾਰ॥੩॥
ਨਾਨਕ ਦਾਸ ਇਹੁ ਕੀਆ ਬੀਚਾਰੁ॥
ਬਿਨੁ ਹਰਿ ਨਾਮ ਮਿਥਿਆ ਸਭ ਛਾਰੁ॥੪॥੮॥ (ਭੈਰਉ ਮਹਲਾ ੫ ਪੰਨਾ ੧੧੩੭)

ਗੁਰੂ ਘਰਦਾ ਗੁਰ ਗੋਬਿੰਦ ਨਾਮੁ ਹੀ ਅਸਾਡਾ ਗੁਰੂ ਘਰ ਵਾਲਿਆ ਦਾ ਗੰਗਾ ਜਲੁ ਹੈ। ਆਨਮਤੀਆਂ ਦੇ



www.AKJ.Org

ਗੰਗਾ ਜਲ ਤੋਂ ਕਈ ਦਰਜੇ ਸ੍ਰੇਸ਼ਟ ਗੁਰਮਤਿ ਨਾਮ ਗੁਰ ਗੋਬਿੰਦ ਵਾਹਿਗੁਰੂ ਨਾਮ ਹੈ।ਜੋ ਇਸ ਅੰਮ੍ਰਿਤ ਨਾਮ ਨੂੰ ਪੀਂਦਾ ਹੈ, ਉਹ ਮੁੜ ਕੇ ਜੂਨੀਆ ਵਿਚਿ ਨਹੀ ਭਰਮਦਾ ਆਵਾ ਗਾਉਣ ਦੇ ਚਕਰ ਵਿਚੋਂ ਨਿਕਲ ਜਾਦਾ ਹੈ। ਐਸੀ ਹੈ ਅੰਮ੍ਰਿਤ ਨਾਮ ਵਾਹਿਗੁਰੂ ਦੀ ਅਭਿਆਸ ਕਰਮ ਕਲਾ। ਇਸ ਅੰਮ੍ਰਿਤ ਨਾਮ ਰੂਪੀ ਸੱਚੇ ਗੁਰਮਤਿ ਗੰਗਾ ਜਲ ਨੂੰ ਸੇਵਨ ਕੀਤਿਆ (ਸਿਮਰਨ ਪੀਵਨ ਕੀਤਿਆ) ਕੋਟਿ ਮਨੋਰਥ ਹਥਿ ਆਉਦੇ ਹਨ ਹੱਥ ਲਗਦੇ ਹਨ। ਹਾਸਲ ਹੁੰਦੇ ਹਨ। ਹਰ ਪਰਕਾਰ ਦੇ ਸੁਆਰਥੀ ਪਰਮਾਰਥੀ ਮਨੋਰਥ ਸਿਧ ਹੁੰਦੇ ਹਨ।ਅਗਲੇ ਪਰਲੋਕ ਗਮਨੀ ਮਾਰਗ ਤੇ ਚਲਦਿਆ ਜਿਥੇ ਕੋਈ "ਸੰਗੀ ਨਾ ਸਾਥੀ ਗਵਨੁ ਇਕੇਲਾ" ਸੰਗੀ ਸਾਥੀ ਨਹੀ ਹੁੰਦਾ ਇਕੇਲਿਆ ਨੂੰ ਹੀ ਮੁਸਾਫਤ ਮੁਸਾਫਰੀ ਤੈਅ ਕਰਨੀ ਪੈਂਦੀ ਹੈ, ਉਥੇ ਏਥੇ ਦੀਆਂ ਕੀਤੀਆ ਨਾਮ ਕਮਾਈਆਂ ਦੇ ਕਰਮ ਫਲ ਮਨੋਰਥੀ ਤੋਸ਼ੇ ਹੀ ਸੰਗੀ ਪਾਧੀ ਹੋ ਕੇ ਪੁਕਰਦੇ ਹਨ। ਐਥੇ ਕਮਾਣਾ ਨਾਮ ਐਸਾ ਗੰਗਾ ਜਲ ਹੈ ਜੋ ਅਗੇ ਜਾ ਕੇ ਭੁੱਖ ਪਿਆਸ ਦੀ ਖੁਧਿਆ ਮਿਟਾਉਣ ਲਈ ਅੰਮ੍ਰਿਤ ਪ੍ਰਸਾਦ ਤੋਸ਼ਾ ਸਾਬਤ ਹੁੰਦਾ ਹੈ। ਇਸ ਅੰਮ੍ਰਿਤ ਨਾਮ ਗੁਰਮੰਤਰ ਨੂੰ ਸਿਮਰਿਆ ਆਨਮਤਿ ਕਿਰਿਆ ਵਾਲੇ ਪੂਜਾ ਜਾਪ ਤਾਪ ਇਸ਼ਨਾਨ ਤੋਂ ਨਿਹਕਾਮ ਹੋ ਜਾਈਦਾ ਹੈ। ਇਨ੍ਹਾ ਦੇ ਕਰਨ ਦੀ ਲੋੜ ਨਹੀ ਰਹਿੰਦੀ। ਨਾਮ ਦੇ ਪ੍ਰੇਮੀਆਂ ਆਸ਼ਕਾਂ ਲਈ ਨਾਮ ਹੀ ਰਾਜ ਹੈ, ਨਾਮ ਹੀ ਮਾਲੁ ਹੈ ਨਾਮੁ ਹੀ ਮੁਕੰਮਲ ਕਰਮ। ਸਾਰੇ ਕਰਤਬ ਚੱਜ ਆਚਾਰ ਨਾਮ ਸਿਮਰਨ ਵਿਚਿ ਹੀ ਆ ਜਾਂਦੇ ਹਨ। ਨਾਮੁ ਸਿਮਰਨ ਤੋ ਉਤੇ ਕੋਈ ਕਰਮ ਨਹੀ। ਸਾਰੇ ਕੰਮ ਪੂਰ ਗਿਣੇ ਜਾਦੇ ਹਨ। ਗੁਰੂ ਨਾਨਕ ਸਾਹਿਬ ਨੇ ਇਹ ਸਾਰ ਬੀਚਾਰ ਰੂਪ ਸਿੱਟਾ ਕਢਿਆ ਹੈ ਕਿ ਵਾਹਿਗੁਰੂ ਨਾਮ ਬਿਨਾ ਹੋਰ ਕਰਮਾ ਦਾ ਕਰਨਾ ਸਭ ਮਿਥਿਆ ਹੈ। ਜਿਨਾਂ ਦਾ ਫਲ ਛਾਰ ਹੀ ਹੈ। ਹੋਰ ਸਭ ਕਰਮਾਂ ਨੇ ਸੁਆਹ ਹੋ ਜਾਣਾ ਹੈ। ਇੱਕਾ ਨਾਮ ਨਿਹਕਾਮੀ ਕਰਮ ਨੇ ਸਦਾ ਸੁਰਜੀਤ ਰਹਿਣਾ ਹੈ।

ਨਾਮ ਹਮਾਰੈ ਬੇਦ ਅਰੁ ਨਾਦ॥ਨਾਮੁ ਹਮਾਰੈ ਪੂਰੇ ਕਾਜ॥
ਨਾਮੁ ਹਮਾਰੈ ਪੂਜਾ ਦੇਵ॥ਨਾਮੁ ਹਮਾਰੈ ਗੁਰ ਕੀ ਸੇਵ॥੧॥
ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ॥
ਸਭ ਤੇ ਊਤਮੁ ਹਰਿ ਹਰਿ ਕਾਮੁ॥੧॥ ਰਹਾਉ॥
ਨਾਮੁ ਹਮਾਰੈ ਮਜਨ ਇਸਨਾਨੁ॥ ਨਾਮੁ ਹਮਾਰੈ ਪੂਰਨ ਦਾਨੁ॥
ਨਾਮੁ ਲੈਤ ਤੇ ਸਗਲ ਪਵੀਤ॥ਨਾਮੁ ਜਪਤ ਮੇਰੇ ਭਾਈ ਮੀਤ॥੨॥
ਨਾਮੁ ਹਮਾਰੈ ਸਉਣ ਸੰਜੋਗ॥ ਨਾਮੁ ਹਮਾਰੈ ਤ੍ਰਿਪਤਿ ਸੁਭੋਗ॥
ਨਾਮੁ ਹਮਾਰੈ ਸਗਲ ਆਚਾਰ॥ ਨਾਮੁ ਹਮਾਰੈ ਨਿਰਮਲ ਬਿਉਹਾਰ॥੩॥
ਜਾ ਕੈ ਮਨਿ ਵਸਿਆ ਪ੍ਰਭੁ ਏਕੁ॥ ਸਗਲ ਜਨਾ ਕੀ ਹਰਿ ਹਰਿ ਟੇਕ॥
ਮਨਿ ਤਨਿ ਨਾਨਕ ਹਰਿ ਗੁਣ ਗਾਉ॥
ਸਾਧ ਸੰਗਿ ਜਿਸੁ ਦੇਵੈ ਨਾਉ॥੪॥੨੨॥੩੫॥ (ਭੈਰਉ ਮ: ੫, ਪੰਨਾ ੧੧੪੫-੪੬)

ਵਿਆਖਿਆ - ਸਭ ਕਰਮਾਂ ਤੋਂ ਉਤਮ ਕਰਮੁ ਨਾਮ ਜਪਣਾ ਹੈ ਜੋ ਗੁਰੂ ਘਰ ਤੋਂ ਹੀ ਮਿਲਦਾ ਹੈ। ਗੁਰੂ ਘਰ ਦੇ ਗੁਰਮਤਿ ਨਾਮ ਅਭਿਆਸੀਆ ਦੇ ਨਿਕਟ ਤਾ ਨਾਮੁ ਹੀ ਬੇਦੁ ਹੈ, ਨਾਮ ਹੀ ਨਾਦੁ ਹੈ। ਤਿਨ੍ਹਾ ਦੀ ਪਰਖ ਦ੍ਰਿਸ਼ਟੀ ਅੰਦਰਿ ਨਾਮ ਤੋ ਬਿਨਾ ਕੋਈ ਬੇਦ ਨਹੀਂ, ਕੋਈ ਨਾਦ ਨਹੀਂ। ਜੋ ਕੁਛ ਹੈ ਸੋ ਨਾਮੁ ਹੀ ਨਾਮ ਹੈ। ਪੂਰਨ ਕਾਰਜ ਕਰਮ ਧਰਮ ਓਹਨਾਂ ਲਈ ਨਾਮੁ ਹੀ ਨਾਮੁ ਹੈ। ਦੇਵਤਿਆਂ ਦੀ ਪੂਜਾ ਅਤੇ ਦੇਵਤਾ ਓਹਨਾਂ ਦੇ ਨਜ਼ਦੀਕ ਨਾਮ ਤੋਂ ਛੁਟ ਕੁਛ ਨਹੀਂ। ਨਾਮ ਹੀ ਪੂਜਣ ਜੋਗ ਦੇਵਤਾ ਹੈ। ਨਾਮ ਦੀ ਪੂਜਾ ਹੀ ਦੇਵਤਿਆਂ ਦੀ ਪੂਜਾ ਹੈ। ਨਾਮ ਦਾ ਸਿਮਰਨ ਹੀ ਗੁਰੂ ਦੀ ਸੇਵਾ ਹੈ। ਸਤਿਗੁਰ ਪੂਰੇ ਨੇ ਜੋ ਨਾਮੁ, ਇਕੋ ਗੁਰਮਤਿ ਨਾਮੁ ਓਹਨਾਂ ਨੂੰ ਦ੍ਰਿੜਾਇਆ ਹੈ ਉਸ ਨਾਮ ਦਾ ਜਪਣਾ ਅਭਿਆਸ ਕਰਨਾ ਹੀ ਸਭ ਤੋਂ ਉਤਮ ਕਰਮ (ਕਾਮੁ) ਹੈ। ਆਨਮਤ ਤੀਰਥਾ ਤੇ ਨ੍ਹਾਉਣ ਦੀ ਪੁਰਬਾਂ ਦੇ ਥਾਉਂ ਗੁਰਸਿਖ ਲਈ ਨਿਤਾਪ੍ਰਤਿ ਨਾਮ ਮਜਨੀ ਪੁਰਬੀ ਲਗੀ ਰਹਿੰਦੀ ਹੈ। ਨਾਮ ਇਸ਼ਨਾਨ ਕਰ ਕੇ ਉਹ ਸਦਾ ਨਿਰਮਲ ਬਣੇ ਰਹਿੰਦੇ ਹਨ।


www.AKJ.Org

ਸਿਫਤਿ ਸਾਲਾਹ ਕੀਰਤਨ ਹਰਿ ਜਸ ਦੀ ਪੁਰਬੀ ਸਦਾ ਹੀ ਗੁਰੂ ਘਰ ਦੇ ਸਤਿਸੰਗ ਸਮਾਗਮਾ ਵਿਚਿ ਲਗੀ ਰਹਿੰਦੀ ਹੈ। ਕਲਜੁਗ ਅੰਦਰਿ ਨਾਮ ਸਤਿਸੰਗ ਦੀ ਪੁਰਬੀ ਤੋਂ ਸਰਬ ਆਨਮਤ ਤੀਰਥ ਪੁਰਬੀਆਂ ਹਿਠਾਹਾ ਹਨ। ਨਾਮ ਸਿਫਤਿ ਸਾਲਾਹ ਕੀਰਤਨ ਕਰਨਾ ਹੀ ਸਭ ਤੋਂ ਸ੍ਰੇਸ਼ਟ ਅਤੇ ਉਤਮ ਦਾਨ ਪੁੰਨ ਕਰਮ ਹੈ। ਜੋ ਨਾਮ ਲੈਂਦੇ ਹਨ ਓਹ ਸਗਲੇ ਹੀ ਪੁਨੀਤ ਪਵਿੱਤਰ ਹੋ ਜਾਂਦੇ ਹਨ। ਆਨਮਤ ਕਰਮਾਂ ਧਰਮਾਂ ਤੀਰਥਾਂ ਪੁੰਨ ਦਾਨਾ ਕਰਮਾ ਵਾਲੀ ਕਲਪਤ ਪਵਿੱਤਰਤਾ ਇਸ ਪਵਿੱਤਰਤਾ ਦੇ ਸਾਹਮਣੇ ਸਭ ਹੇਚ ਹੈ। ਨਾਮ ਜਪਣ ਵਾਲੇ ਹੀ ਗੁਰਸਿਖ ਨਾਮ ਅਭਿਆਸੀ ਦੇ ਸੱਚੇ ਸਹੋਦਰ ਭਾਈ ਬੰਧਪ ਮੀਤ ਸੱਜਣ ਹਨ। ਗੁਰੂ ਘਰ ਦੇ ਨਾਮ ਅਭਿਆਸੀਆ ਅਨਿੰਨ ਗੁਰਸਿਖਾ ਲਈ ਨਾਮ ਹੀ ਸਗਲ ਸ਼ਾਸਤਰ ਹੈ, ਨਾਮ ਹੀ ਸ਼ੁਭ ਨਛਤਰੀ ਸੰਜੋਗ ਸਾਹਾ ਹੈ। ਨਾਮ ਭੁੰਚਣ ਨਾਲਿ ਹੀ ਗੁਰਮੁਖ ਸਿਖਾ ਦੀ ਸੱਚੀ ਤ੍ਰਿਪਤੀ ਹੈ। ਨਾਮ ਭਜਨ ਰੂਪੀ ਭੋਜਨ ਪ੍ਰਸਾਦ ਹੀ ਗੁਰਸਿਖਾਂ ਲਈ ਸਦਾ ਤ੍ਰਿਪਤਾਵਨਹਾਰ ਭਗ ਲਗਦਾ ਰਹਿੰਦਾ ਹੈ। ਜਿਸ ਦਾ ਛਾਦ ਛਕ ਕੇ ਉਹ ਹਰ ਦਮ ਰੱਜੇ ਹੀ ਰਹਿੰਦੇ ਹਨ। ਸ਼ੁਭ ਆਚਾਰੀ ਫ਼ੇਅਲ ਕਰਮ ਗੁਰਮਤਿ-ਨਾਮ ਅਭਿਆਸੀ ਲਈ ਕੇਵਲ ਨਾਮ-ਅਭਿਆਸ ਹੀ ਹੈ। ਨਾਮ ਜਪਣਾ ਹੀ ਗੁਰਮੁਖ ਸ੍ਰੇਸ਼ਟ-ਕਰਮੀਆਂ ਦਾ ਸੱਚਾ ਨਿਰਮਲ ਬਿਉਹਾਰ ਹੈ। ਜਿਨ੍ਹਾ ਅੰਦਰਿ ਕੇਵਲ ਇਕੋ ਸੱਚਾ ਵਾਹਿਗੁਰੂ ਅਤੇ ਵਾਹਿਗੁਰੂ ਦਾ ਇਕੋ ਗੁਰਮਤਿ ਨਾਮ ਵਸਿਆ ਹੈ, ਤਿਨ੍ਹਾ ਨਾਮ-ਅਰਾਧਨਹਰੇ ਜਨਾ ਲਈ ਉਕਤ ਅਰਾਧਿਆ ਗੁਰਮਤਿ ਨਾਮ ਹੀ ਨਾ ਸਿਰਫ ਏਕ ਆਸਰਾ ਰੂਪੀ ਟੇਕ ਹੈ ਬਲਕਿ ਗੁਰਮੁਖ ਜਨਾਂ ਦੇ ਸਗਲੇ ਸੰਗੀਆ ਸਾਥੀਆਂ ਲਈ ਨਾਮ ਇਕ ਆਧਰ ਚਾਨਣ-ਮਨਾਰਾ ਹੈ। ਗੁਰੂ ਘਰ ਦੀ ਸਾਧ ਸੰਗਤਿ ਵਿਚਿ ਨਿਓਾਸ ਦੇ ਕੇ ਜਿਸ ਨੂੰ ਬਖਸ਼ਣਹਾਰੇ ਵਾਹਿਗੁਰੂ ਨੇ ਨਾਮੁ ਦੀ ਬਖਸ਼ਿਸ਼ ਕਰ ਦਿਤੀ ਓਹੀ ਮਨੋਂ ਤਨੋਂ ਹਿਰਦਿਓਂ ਹਰਿ ਗੁਣ ਗਾਉਂਦੇ ਹਨ। ਅਸਲ ਤੱਤ ਸਿਦਕ ਭਾਵਨਾ ਸੇਤੀ ਓਹੀ ਕੀਰਤਨ ਕਰਦੇ ਹਨ। ਇਹ ਤੱਤ ਭਾਵ ਮਈ ਕੀਰਤਨ ਹਰਿ ਜਸ ਸਿਫਤਿ ਸਾਲਾਹ ਸਮੂਹ ਆਨ ਕਰਮਾਂ ਨਾਲੋਂ ਸਰਬੋਤਮ ਹੈ। ਜਿਸ ਦੀ ਤੁੱਲਤ ਵਿਚਿ ਹੋਰ ਕੋਈ ਆਨਮਤ ਕਰਮ ਲਵੇ ਨਹੀਂ ਲਗਦਾ। ਸਭ ਤੋਂ ਸਰਬੋਤਮ ਤੱਤ ਗੁਰਮਤਿ ਕਰਮ ਨਾਮ ਹੀ ਹੈ।

ਗੁਨ ਨਾਦ ਧੁਨਿ ਅਨੰਦ ਬੇਦ॥
ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ॥੧॥ ਰਹਾਉ॥
ਗਿਆਨ ਧਿਆਨ ਮਾਨ ਦਾਨ
ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ॥੧॥
ਜੋਗ ਜੁਗਤਿ ਗਿਆਨ ਭੁਗਤਿ
ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ॥
ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ॥੨॥੨॥੫॥

(ਕਲਿਆਨ ਮ: ੫, ਪੰਨਾ ੧੩੨੨)

ਵਿਆਖਿਆ - ਗੁਰਮਤਿ ਗੁਣਾਂ ਰੂਪੀ ਨਾਦ ਗੁਰਬਾਣੀ ਨਾਮ ਰੂਪੀ ਬੇਦ ਦੀਆ ਆਨੰਦ-ਧੁੰਨੀਆਂ ਗੁਰੂ ਘਰ ਦੇ ਗੁਰਮੁਖਾ ਸੱਚੇ ਮੁਨਿ ਜਨਾ ਦੀ ਸੰਤ-ਮੰਡਲੀ ਪ੍ਰਸਪਰ ਮਿਲ ਕੇ ਕਥਦੀ ਗਾਵੰਦੀ ਅਤੇ ਸੁਣਦੀ ਹੈ। ਮਨ ਦੀ ਬਿਸਮਾਦ ਰਸ ਪੂਰਤ ਸੁਰਤੀ ਨਾਲਿ ਅਤੇ ਰਸਨਾ ਦੀ ਬਿਸਮ ਰਸ ਟੇਵ ਸਹਿਤ ਗੁਰਮੁਖ ਜਨਾ ਨਾਮ-ਸੁਰਤੇ ਸੱਚੇ ਰਿਸ਼ੀਅ ਦੀ ਸੰਤ-ਮੰਡਲੀ ਜੋ ਨਾਮੁ ਜਾਪੁ ਰੂਪੀ ਅਭਿਆਸ ਕਰਦੀ ਹੈ, ਇਸ ਵਿਚਿ ਸਾਰੇ ਗਿਆਨ ਧਿਆਨ ਤੇ ਮਾਨ ਦਾਨ ਆ ਗਏ। ਏਦੂੰ ਅਧਿਕ ਅਤੇ ਵਿਸ਼ੇਸ਼ ਗਿਅਨ ਧਿਆਨ ਮਾਨੁ ਦਾਨ ਕੋਈ ਹੋ ਹੀ ਨਹੀਂ ਸਕਦਾ। ਸਭ ਤੋਂ ਵਿਲੱਖਣ, ਸਭਿ ਗਿਆਨਾਂ ਤੋਂ ਵਿਲੱਖਣ ਗਿਆਨ, ਸਭ ਧਿਆਨਾ ਤੋਂ ਸਰਬੋਤਮ ਧਿਆਨੁ, ਸਰੇ ਮਾਨਨੀਕ ਮੰਨੇ ਪ੍ਰਮੰਨੇ ਦਾਨਾ ਵਿਚੋਂ ਸ੍ਰੇਸ਼ਟ ਦਾਨੁ, ਬਸ, ਗੁਰੂ ਘਰ ਦੇ ਕੀਰਤਨੀ ਭਗਤ ਜਨਾ ਦੀ ਸੰਤ-ਮੰਡਲੀ ਵਿਚਿ ਵਿਸਮਾਦ ਰਸ ਧੁੰਨੀਆਂ ਵਲੇ ਆਨੰਦ ਮਈ ਕੀਰਤਨ ਦਾ ਗਾਵਣਾ ਸੁਣਨ ਹੀ ਹੈ। ਏਦੂ ਉਪਰ ਕੋਈ ਗਿਆਨ ਧਿਆਨ ਮਾਨ ਦਾਨ ਨਹੀਂ। ਅਜਿਹੀ ਸੰਤ-ਮੰਡਲੀ ਵਿਚਿ ਜੁੜ ਕੇ ਹੀ ਅਤੇ ਵਾਹਿਗੁਰੂ ਦਾ ਸਿਫਤਿ ਸਾਲਾਹ ਮਈ ਕੀਰਤਨ-ਜਸ ਗਾ ਸੁਣ ਕੇ ਹੀ ਸਮੁੱਚੇ ਪਾਪ ਖੰਡੇ (ਬਿਮੁਚੇ) ਜਾ ਸਕਦੇ


www.AKJ.Org

ਹਨ। ਸਚ ਮੁੱਚ ਅਜਿਹੇ ਨਾਮ ਰਸੀਅੜੇ ਰਸਿਕ ਵੈਰਾਗੀਆਂ ਦੀ, ਗੁਰਮੁਖ ਕੀਰਤਨੀਆ ਦੀ ਸੰਤ-ਮੰਡਲੀ ਪਾਪ ਖੰਡਲੀ ਮੰਡਲੀ ਹੈ। ਗੁਰਮੁਖ ਜਾਗਦੇ ਜੋਗੀਆਂ ਦੀ ਸੱਚੀ ਜੋਗ-ਜੁਗਤਿ (ਜੋਗੁ ਬਨਿਆ ਤੇਰਾ ਕੀਰਤਨ ਗਾਈ) (ਆਸਾ ਮ: ੫.॥੪॥੬॥੬੭॥. ਪੰਨਾ ੩੮੫) ਸੱਚੜੇ ਗੁਰਮਤਿ ਗਿਆਨ ਭਗਤੀ ਭਾਵ ਰਸ ਗਿਆਨ ਦੀ ਭੁਗਤਿ ਕੀਰਤਨ-ਮੰਡਲ ਦੇ ਰਸਿਕ ਬੈਰਾਗੀ ਤੱਤ ਬੇਤੇ ਸ਼ਬਦ ਸੁਰਤੀਸ਼ਰ ਗੁਰਮੁਖ ਜਨਾਂ ਦੀ ਸ਼ਬਦ ਸੁਰਤਿ ਵਾਲੀ ਕਾਰ ਵਿਚਿ ਹੀ ਹੈ। ਇਹੋ ਸੁਰਤਿ ਸ਼ਬਦ ਅਭਿਆਸ ਹੀ ਸੱਚਾ ਅਖੰਡ ਜਪੁ ਤਪੁ ਹੈ। ਇਹ ਜਪੁ ਤਪੁ ਅਖੰਡਲੀ ਗੁਰਮਤਿ ਸ਼ਬਦ ਸੁਰਤ ਅਭਿਆਸ ਕਮਾਇ ਕੀਤਿਆਂ ਵਾਹਿਗੁਰੂ ਜੋਤੀਸ਼ ਦੀ ਜੋਤਿ ਵਿਚਿ ਓਤਿ ਪੋਤਿ ਹੋ ਕੇ ਮਿਲ ਜਾਈਦਾ ਹੈ। ਦੁਖ-ਦੰਡਲੀ ਜਮਾਂ ਦੀ ਵਾਟ ਦੂਰ ਦੁਰੇਡੇ ਰਹਿ ਜਾਂਦੀ ਹੈ। ਤਿਥੇ ਰਾਈ ਮਾਤਰ ਭੀ ਦੁਖ ਦੰਡ ਨਹੀਂ ਪੋਹ ਸਕਦਾ। ਗੁਰੂ ਨਾਨਕ ਸਾਹਿਬ ਇਸ ਹਕੀਕਤ ਉਤੇ ਸ਼ਹਾਦਤ ਦੀ ਮੋਹਰ ਲਾਉਂਦੇ ਹਨ।

ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸੰਕਰਿ ਛੋਡੀ ਮਾਇਆ॥
ਜੈ ਕਾਰਣਿ ਸਿਧ ਭਏ ਉਦਾਸੀ ਦੇਵੀ ਮਰਮੁ ਨ ਪਾਇਆ॥੧॥
ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ॥
ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ॥ ੧॥ ਰਹਾਉ॥

(੪॥੩) ਪ੍ਰਭਾਤੀ ਮ: ੧. ਪੰਨਾ ੧੩੨੮)

ਭਾਵ- ਜਿਸੁ ਪ੍ਰਮਾਤਮਾ ਦੀ ਪ੍ਰਾਪਤੀ ਦੇ ਕਾਰਨ ਬ੍ਰਹਮੇ ਨੇ ਬੇਦ ਉਚਰੇ ਅਤੇ ਮਹਾਦੇਉ ਮਹੇਸ਼ ਮਾਇਆ ਦਾ ਤਿਆਗੀ ਬਣਿਆ, ਜਿਸ ਪਾਰਬ੍ਰਹਮ ਪਰਮੇਸ਼ਰ ਦੀ ਪ੍ਰਾਪਤੀ ਹਿਤ ਸਿਧਾਂ ਨੇ ਸੰਸਾਰ ਤੋਂ ਉਪ੍ਰਾਮਤਾ ਧਾਰੀ ਅਤੇ ਦੇਵੀ-ਦੇਵਤਿਆਂ ਨੇ ਅਨਿਕ ਪ੍ਰਕਾਰ ਦੀਆਂ ਬਹੁ ਬਹੁ ਭਾਂਤ ਦੀਆਂ ਸਾਧਨਾ ਸਾਧੀਆਂ, ਪਰ ਤਿਨ੍ਹਾਂ ਸਾਰੇ ਉਪਰ ਦਸੇ ਆਨਮਤ ਕਰਮ-ਕਾਂਡੀਆਂ ਮੁਖੀ ਦੇਵਤਿਆਂ ਨੂੰ ਪ੍ਰਮਾਤਮ-ਪ੍ਰਾਪਤੀ ਦੇ ਮਾਰਗ ਦਾ ਮਰਮ (ਭੇਦ) ਨਾ ਮਿਲਿਆ, ਪ੍ਰਾਪਤੀ ਤਾਂ ਕੀ ਹੋਣੀ ਸੀ। ਤਿਸ ਪ੍ਰਮਾਤਮਾ ਪਰਮੇਸ਼ਰ ਨੂੰ ਕੇਵਲ ਗੁਰਮਤਿ ਨਾਮ ਦੇ ਅਭਿਆਸ ਜਾਪ ਕਰਮ ਦੁਆਰਾ ਹੀ ਪਾਇਆ ਜਾ ਸਕਦਾ ਹੈ। ਸਹਿਜ ਸੁਖੈਨ ਹੀ ਪਾਇਆ ਜਾ ਸਕਦਾ ਹੈ। ਮਨ ਅੰਦਰਿ ਸੱਚੇ ਵਾਹਿਗੁਰੂ ਦਾ ਧਿਆਨ ਧਰ ਕੇ, ਮੁਖਿ ਦੁਆਰਾ ਸੱਚੇ ਵਾਹਿਗੁਰੂ ਦਾ ਨਾਮੁ ਅਲਾਪ ਕੇ, ਇਉਂ ਸੁਰਤੀ ਨੂੰ ਸ਼ਬਦ (ਨਾਮ) ਨਾਲ ਜੋੜ ਕੇ ਭਵਸਾਗਰ ਤੋਂ ਤਰ ਜਾਈਦਾ ਹੈ। ਨਾ ਸਿਰਫ ਤਰ ਹੀ ਜਾਈਦਾ ਹੈ, ਬਲਕਿ ਸੱਚੇ ਵਾਹਿਗੁਰੂ ਦੇ ਸਰੂਪ ਵਿਚਿ ਲੀਨ ਹੋ ਕੇ ਸਾਚਾ ਵਾਹਿਗੁਰੂ ਸਰੂਪਾ ਹੀ ਹੋ ਜਾਈਦਾ ਹੈ। ਐਸੀ ਹੈ ਮਹੱਤਤਾ ਗੁਰਮਤਿ ਨਾਮ ਦੇ ਤੱਤ ਸਰਬੋਤਮੀ ਅਭਿਆਸ ਕਰਮ ਦੀ।

ਹਰਿ ਜਸੁ ਕਰਮੁ ਧਰਮੁ ਪਤਿ ਪੂਜਾ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ॥
ਹਰਿ ਰਸੁ ਚਾਖਿਆ ਤਉ ਮਨੁ ਭੀਜਾ॥ ਪ੍ਰਣਵਤਿ ਨਾਨਕੁ ਅਵਰੁ ਨ ਦੂਜਾ॥੮॥੫॥

(ਪ੍ਰਭਾਤੀ ਮ: ੧. ਪੰਨਾ ੧੩੪੫)

ਤੱਤ ਭਾਵ– ਹਰੀ ਜਸੁ ਰੂਪੀ ਸਿਫਤਿ ਸਾਲਾਹ ਅਰਥਾਤ ਨਾਮ ਅਭਿਆਸ ਕਮਾਈ ਹੀ ਗੁਰਮਤਿ ਦਾ ਸੱਚਾ ਕਰਮ ਹੈ। ਇਹੀ ਸੱਚਾ ਧਰਮ ਹੈ। ਇਹੀ ਸੱਚ ਪਰਤਿਸ਼ਟਤ ਪੂਜਾ ਹੈ। ਜਿਸ ਨੇ ਹਰਿਜਸ ਸਿਫਤਿ ਸਾਲਾਹ ਦੀ ਅਭਿਆਸ ਕਮਾਈ ਕਰ ਲਈ, ਇਸ ਗੁਰਮਤਿ ਨਾਮ ਸਿਫਤਿ ਸਾਲਾਹੀ ਕਮਾਈ ਵਿਚਿ ਕਰਮ ਧਰਮ ਪਤਿ ਪੂਜਾ ਆਦਿਕ ਸਭ ਕੁਛ ਆ ਗਿਆ। ਗੁਰਮਤਿ ਨਾਮ ਅਭਿਆਸ ਕਮਾਇ, ਦੇ ਪ੍ਰਤਾਪ ਕਰਿ ਕਾਮ ਕ੍ਰੋਧ ਆਦਿਕ ਪੰਜੇ ਵਿਕਾਰ ਦਘਧ ਹੋ ਗਏ, ਅਗਨੀ ਵਿਚਿ ਭੁੰਨੇ ਗਏ। ਹਰਿ ਰਸੁ ਚਖਿਆ ਹੀ ਮਨ ਭਿਜਦਾ ਹੈ। ਭਿਜ ਕੇ ਵਸਗਤ ਆ ਜਾਂਦਾ ਹੈ। ਤਿਨ੍ਹਾਂ ਦੇ ਮਨ ਅੰਦਰਿ ਵਾਹਿਗੁਰੂ ਨਾਮ ਤੋਂ ਬਿਨਾ ਹੋਰ ਦੂਜਾ ਭਾਵ ਵਸਦਾ ਹੀ ਨਹੀਂ। (ਚਲਦਾ)

---


## ਮੋਖ ਰਹਿਤ ਲੜੀਵਾਰ ਗੁਟਕੇ

ਨਿਤਨੇਮ ਅਤੇ ਸੁਖਮਨੀ ਸਾਹਿਬ ਦੇ ਲੜੀਵਾਰ ਗੁਟਕੇ ਬਿਨਾ ਕਿਸੇ ਭੇਟਾ ਦੇ ਮੋਖ ਰਹਿਤ ਪ੍ਰਾਪਤ ਕਰਨ ਲਈ ਸੰਪਰਕ ਕਰੋ। 1. ਮਾਸਟਰ ਜਸਵੰਤ ਸਿੰਘ ਜੀ 542 ਈਸਟ ਮੋਹਨ ਨਗਰ ਅੰਮ੍ਰਿਤਸਰ। ੨.ਸਰਦਾਰ ਗੁਰਪ੍ਰੀਤ ਸਿੰਘ 67-D ਡਾ: ਮੁਖਰਜੀ ਨਗਰ ਦਿੱਲੀ ਫੋਨ : 7654833





www.AKJ.Org

# ਅਪ੍ਰੈਲ ਮਹੀਨੇ ਦੇ ਕੁੱਝ ਮਹੱਤਵਪੂਰਨ ਦਿਹਾੜੇ

ਅਪ੍ਰੈਲ ੧ ਪ੍ਰਕਾਸ਼ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਜੀ (੧੬੨੧ ਈ:)।

ਅਪ੍ਰੈਲ ੨ ਸਿੱਖ ਫ਼ੌਜਾ ਨੂੰ ਈਸਟ ਇੰਡੀਆ ਕੰਪਨੀ ਨੇ ਪੰਜਾਬ ਉਤੇ ੨੯ ਮਾਰਚ, ੧੮੪੯ ਈ: ਨੂੰ ਕਬਜ਼ਾ ਕਰਨ ਦੇ ਲਗਭਗ ਇਕ ਸਾਲ ਬਾਅਦ ੧੮੫੦ ਈ: ਵਿਚ ਹਥਿਆਰ-ਹੀਣ ਕੀਤਾ।

ਅਪ੍ਰੈਲ ੩ (ੳ) ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਨੀਂਹ ਦੂਜੀ ਵਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ੧੭੬੪ ਈ ਮੁਤਾਬਿਕ ਸੰਮਤ ੧੮੨੧ ਬਿਕ੍ਰਮੀ ਵਿਚ ਰੱਖੀ। ਪੁਸਤਕ "ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ" ਦੇ ਲੇਖਕ ਗਿਆਨੀ ਕਿਰਪਾਲ ਸਿੰਘ ਅਨੁਸਾਰ ਅਕਤੂਬਰ ੧੭੬੪ ਈ: ਵਿਚ ਨੀਂਹ ਰੱਖੀ ਗਈ ਸੀ।

(ਅ) ਪ੍ਰਸਿੱਧ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ (ਸਰਹਾਲੀ) ਦੀ ਅਗਵਾਈ ਹੇਠ ਹਾਗਕਾਗ ਟਾਪੂ ਤੋਂ "ਕਾਮਗਾਟਾ ਮਾਰੂ" (ਗੁਰੂ ਨਾਨਕ ਜਹਾਜ਼) ੩ ਅਪ੍ਰੈਲ, ੧੯੧੪ ਨੂੰ ਕਨੇਡਾ ਵੱਲ ਰਵਾਨਾ ਹੋਇਆ। ਇਸ ਜਹਾਜ਼ ਦਾ ਨਾਮ ਬਾਬਾ ਜੀ ਨੇ ਗੁਰੂ ਨਾਨਕ ਜਹਾਜ਼ ਰੱਖਿਆ ਸੀ।

ਅਪ੍ਰੈਲ ੮ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਪੂਰੀ ਪਿੰਡ (ਪਟਿਆਲਾ) ਤੋਂ ੧੯੮੨ ਈ: ਨੂੰ ਸਤਲੁਜ-ਯਮਨਾ ਲਿੰਕ ਨਹਿਰ ਕੱਢਣ ਵਿਰੁੱਧ ਮੋਰਚਾ ਆਰੰਭ ਹੋਇਆ।

ਅਪ੍ਰੈਲ ੯ ਹਰਦੁਆਰ ਗੰਗਾ ਦੇ ਕੁੰਭ ਮੇਲੇ 'ਤੇ ੧੭੯੬ ਈ: ਵਿਚ ਉਦਾਸੀਆਂ ਨਾਲ ਵੈਰਾਗੀਆ ਦਾ ਝਗੜਾ ਹੋਣ 'ਤੇ ਸਿੰਘਾ ਚੜ੍ਹਾਈ ਕਰਕੇ ਵੈਰਾਗੀਆਂ ਤੋਂ ਉਦਾਸੀਆ ਦਾ ਮਾਲ ਵਾਪਸ ਦਿਵਾਇਆ।

ਅਪ੍ਰੈਲ ੧੦ ਕਸੂਰ ਦੇ ਗਰੀਬ ਬ੍ਰਾਹਮਣ ਦੀ ਬੇਨਤੀ 'ਤੇ ਉਸਦੀ ਘਰਵਾਲੀ, ਕਸੂਰ ਦੇ ਮੁਖੀ ਅਸਮਾਨ ਖ਼ਾ ਤੋਂ ਛੁਡਾਉਣ ਲਈ ਖ਼ਾਲਸਾ ਪੰਥ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਗੁਰਮਤਾ ਕੀਤਾ (੧੭੬੩ ਈ:)। ਖਾਲਸੇ ਨੇ ਇਸ ਕਾਰਜ ਨੂੰ ਰਿਕਾਰਡ ਸਮੇ ਵਿਚ ਨੇਪਰੇ ਚਾੜ੍ਹਿਆ।

ਅਪ੍ਰੈਲ ੧੧ ੧੭੬੨ ਈ: ਵਿਚ ਅਹਿਮਦਸ਼ਾਹ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ ਅਤੇ ਪਵਿੱਤਰ ਸਰੋਵਰ ਨੂੰ ਗੰਦਗੀ ਨਾਲ ਪੂਰ ਕੇ ਘੋਰ ਬੇਅਦਬੀ ਕੀਤੀ। ਸਿੱਖਾ ਨੇ ਉੱਦਮ ਨਾਲ ਪਵਿੱਤਰ ਸਰੋਵਰ ਨੂੰ ਸਾਫ ਕਰਕੇ ਥੋੜ੍ਹੇ ਸਮੇਂ ਵਿਚ ਸ੍ਰੀ ਹਰਿਮੰਦਰ ਸਾਹਿਬ ਨੂੰ ਨਵੇਂ ਸਿਰੇ ਤੇ ਮੁੜ ਉਸਾਰਿਆ।

ਅਪ੍ਰੈਲ ੧੨ (ੳ) ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ੧੮੭੬ ਈ: ਵਿਚ ਅਕਾਲ ਚਲਾਣਾ ਕੀਤੇ।

(ਅ) ਭਾਈ ਗੁਰਮੁਖ ਸਿੰਘ ਪ੍ਰੋਫੈਸਰ ਓਰੀਐਂਟਲ ਕਾਲਜ, ਲਾਹੌਰ ਅਤੇ ਗਿਆਨੀ ਦਿੱਤ ਸਿੰਘ ਜੀ ਐਡੀਟਰ ਖ਼ਾਲਸਾ ਅਖ਼ਬਾਰ ਦੇ ਯਤਨਾਂ ਨਾਲ ੧੮੮੫ ਈ: ਵਿਚ ਖ਼ਾਲਸਾ ਦੀਵਾਨ ਲਾਹੌਰ ਕਾਇਮ ਹੋਇਆ।

ਅਪ੍ਰੈਲ ੧੩ (ੳ) ਮਹਾਰਾਜਾ ਰਣਜੀਤ ਸਿੰਘ ਨੇ ੧੮੦੧ ਈ: ਵਿਚ ਲਾਹੌਰ ਕਿਲ੍ਹੇ ਵਿਚ ਪਹਿਲਾ ਸਾਹੀ ਦਰਬਾਰ ਕੀਤਾ ਅਤੇ ਆਪਣੇ ਨਾਮ ਨਾਲ ਮਹਾਰਾਜਾ ਦੀ ਉਪਾਧੀ ਲਗਾਈ।

(ਅ) ਵਿਸਾਖੀ ਵਾਲੇ ਦਿਨ ਪੰਥ ਖ਼ਾਲਸਾ ਨੇ ੧੭੪੬ ਈ: ਨੂੰ ਗੁਰਮਤਾ ਕੀਤਾ ਕਿ ਪੰਜਾਬ ਨੂੰ ਅਫ਼ਗਾਨ ਸਾਮਰਾਜ ਦਾ ਹਿੱਸਾ ਨਹੀਂ ਬਣਨ ਦਿੱਤਾ ਜਾਵੇਗਾ।

(ੲ) ੧੯੧੯ ਈ: ਵਿਚ ਜੱਲ੍ਹਿਆ ਵਾਲੇ ਬਾਗ਼ ਦਾ ਭਿਆਨਕ ਖ਼ੂਨੀ ਸਾਕਾ ਹੋਇਆ ਜਿਸ ਵਿਚ ਸੈਂਕੜੇ ਬੇ-ਗੁਨਾਹ ਪੰਜਾਬੀ, ਬਰਤਾਨਵੀ ਸਾਮਰਾਜ ਦੀਆ ਗੋਲੀਆਂ ਦਾ ਨਿਸ਼ਾਨਾ ਬਣੇ।

(ਸ) ਸ੍ਰੀ ਅੰਮ੍ਰਿਤਸਰ ਵਿਖੇ ੧੩ ਸਿੰਘ, (੧੯੭੮ ਈ:) ਨਕਲੀ ਨਿਰੰਕਾਰੀਆਂ ਦੀਆ ਗੋਲੀਆ ਦਾ ਨਿਸ਼ਾਨਾ ਬਣ ਗਏ, ਜੋ ਸਿਰਫ ਇਹ ਕਹਿਣ ਗਏ ਸਨ ਕਿ ਗੁਰੂ-ਪਾਤਸ਼ਾਹਾ ਦਾ ਸਾਂਗ ਧਾਰ ਬੇਅਦਬੀ ਨਾ ਕਰੋ।

(ਕ) ਸ੍ਰੀ ਗੁਰੂ ਅਮਰਦਾਸ ਜੀ, ਪਾਤਸ਼ਾਹੀ ਤੀਜੀ ਨੇ ਵਿਸਾਖੀ ਦੇ ਦਿਹਾੜੇ ੧੫੫੯ ਈ: ਵਿਚ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਮੇਲਾ ਮਨਾਉਣਾ ਆਰੰਭ ਕੀਤਾ।



www.AKJ.Org

ਅਪ੍ਰੈਲ ੧੪ ਖ਼ਾਲਸਾ ਕਾਲਜ ਕੌਂਸਲ (੧੮੯੨ ਈ:) ਸ੍ਰੀ ਅੰਮ੍ਰਿਤਸਰ ਵਿਖੇ ਕਾਇਮ ਕੀਤੀ।

ਅਪ੍ਰੈਲ ੧੫ (ੳ) ਪ੍ਰਕਾਸ਼ ਦਿਵਸ ਸ੍ਰੀ ਗੁਰੂ ਨਾਨਕ ਦੇਵ ਜੀ (੧੪੬੯ ਈ:)
(ਅ) ਪ੍ਰਕਾਸ਼ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ (੧੫੬੩ ਈ:)।

ਅਪ੍ਰੈਲ ੧੬ (ੳ) ਦਿੱਲੀ 'ਤੇ ੧੭੮੦ ਈ: ਨੂੰ ਦਲ ਖ਼ਾਲਸੇ ਦੀ ਚੜ੍ਹਾਈ।
(ਅ) ਭਾਈ ਰਣਧੀਰ ਸਿੰਘ ਜੀ ਦਾ (੧੯੬੧ ਈ:) ਅਕਾਲ-ਚਲਾਣਾ। ਆਪ ਇਕ ਪਹੁੰਚੇ ਹੋਏ ਸਿੱਖ ਅਤੇ ਅਖੰਡ ਕੀਰਤਨੀ ਜੱਥੇ ਦੇ ਮੁਖੀ ਸਨ।

ਅਪ੍ਰੈਲ ੧੭ ਸਿੰਘਾ ਨੇ ਦਿੱਲੀ 'ਤੇ ਧਾਵਾ ਬੋਲ ਪਹਾੜ ਗੰਜ ਕਬਜ਼ੇ ਹੇਠ ਕੀਤਾ। (੧੭੬੬ ਈ:)।

ਅਪ੍ਰੈਲ ੧੮ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਵੱਲੋਂ ਪਹਿਲੀ ਸਿੱਖ ਐਜੂਕੇਸ਼ਨ ਕਾਨਫਰੰਸ ਗੁੱਜਰਾਂਵਾਲੇ ੧੯੦੮ ਈ: ਵਿਚ ਕੀਤੀ ਗਈ।

ਅਪ੍ਰੈਲ ੧੯ ਪੰਜਾਬ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ ਸਰਕਾਰ ਦੇ ਹੁਕਮ ਨਾਲ ੧੮੫੪ ਈ: ਵਿਚ ਇੰਗਲੈਂਡ ਭੇਜਿਆ ਗਿਆ।

ਅਪ੍ਰੈਲ ੨੦ ਕਸ਼ਮੀਰ ਵੱਲ ਖਾਲਸਾ ਫ਼ੌਜ ਦਾ ੧੮੧੬ ਈ: ਨੂੰ ਕੂਚ।

ਅਪ੍ਰੈਲ ੨੧ ਗਦਰ ਪਾਰਟੀ ਦੀ ਸਥਾਪਨਾ ੧੯੧੩ ਈ: ਨੂੰ ਹੋਈ।

ਅਪ੍ਰੈਲ ੨੪ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਦਾ ਕਤਲ (੧੯੮੦ਈ:) ਦਿੱਲੀ ਵਿਖੇ ਹੋਇਆ, ਜਿਸ ਦੀ ਸ਼ਹਿ 'ਤੇ ੧੩ ਬੇਗੁਨਾਹ ਸਿੱਖਾਂ ਨੂੰ ੧੩ ਅਪ੍ਰੈਲ, ੧੯੭੮ ਨੂੰ ਅੰਮ੍ਰਿਤਸਰ ਵਿਖੇ ਕਤਲ ਅਤੇ ੧੦੦ ਤੋਂ ਵੱਧ ਸਿੱਖਾਂ ਨੂੰ ਜ਼ਖਮੀ ਕੀਤਾ ਗਿਆ ਸੀ।

ਅਪ੍ਰੈਲ ੨੭ (ੳ) ਜੈਤੋ ਮੋਰਚੇ ਵਿਚ ਸਫਲਤਾ। ਜੈਤੋ ਮੋਰਚੇ ਵਿਚ ਕੁਲ ਮਿਲਾ ਕੇ ੧੫ ਸ਼ਹੀਦੀ ਜਥਿਆਂ ਨੇ ਭਾਗ ਲਿਆ ਸੀ। (੧੯੨੫ ਈ:)।
(ਅ) ਦੇਸ਼ ਦੀ ਆਜਾਦੀ ਲਈ ਅਮਰੀਕਾ ਤੋਂ ਆਏ ਗਦਰ ਪਾਰਟੀ ਦੇ ਸੰਗਰਾਮੀਆਂ ਵਿਰੁੱਧ ਪਹਿਲਾ ਲਾਹੌਰ ਸਾਜਿਸ਼ ਕੇਸ਼ ੧੯੧੫ ਈ: ਵਿਚ ਰਜਿਸਟਰ ਕੀਤਾ ਗਿਆ। ਇਸ ਪਾਰਟੀ ਵਿਚ ਬਹੁ-ਗਿਣਤੀ ਸਿੱਖਾ ਦੀ ਸੀ। ਇਹ ਪਾਰਟੀ ਅਮਰੀਕਾ ਵਿਚ ਕਾਇਮ ਹੋਈ ਅਤੇ ਇਸਦਾ ਮਨੋਰਥ ਫ਼ੌਜਾ ਵਿਚ ਬਗਾਵਤ ਕਰਾ ਕੇ ਬਰਤਾਨਵੀ ਸਾਮਰਾਜ ਨੂੰ ਭਾਰਤ ਵਿਚੋਂ ਖ਼ਤਮ ਕਰਨਾ ਸੀ।

ਅਪ੍ਰੈਲ ੩੦ (ੳ) ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤ ਵੇਲੇ ਇਕ ਅਲੌਕਿਕ ਦ੍ਰਿਸ਼ ਵਾਪਰਿਆ। ਇਕ ਰੌਸ਼ਨੀ ਦਾ ਗੋਲਾ ਹਰਿਮੰਦਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਕਰਕੇ ਅੱਖੋਂ ਪਰ੍ਹੇ ਹੋ ਗਿਆ। (੧੮੭੭ ਈ:)।
(ਅ) ਜੰਗ ਭੰਗਾਣੀ (ਹਿਮਾਚਲ ਪ੍ਰਦੇਸ਼)। ਜਮਨਾ ਕਿਨਾਰੇ ਪਾਉਂਟਾ ਸਾਹਿਬ ਤੋਂ ਅੱਗੇ ਭੰਗਾਣੀ ਦੇ ਸਥਾਨ 'ਤੇ ਸ੍ਰੀ ਗੁਰ ਗੋਬਿੰਦ ਸਿੰਘ ਜੀ ਦੀ ਪਹਾੜੀ ਰਾਜਿਆਂ ਨਾਲ ੧੬੮੮ ਈ: ਵਿਚ ਪਹਿਲੀ ਜੰਗ ਹੋਈ, ਜਿਸ ਵਿਚ ਗੁਰੂ ਸਾਹਿਬ ਨੇ ਵਿਜੈ ਪ੍ਰਾਪਤ ਕੀਤੀ। ਇਸ ਜੰਗ ਵਿਚ ਸਢੌਰੇ ਦੇ ਪੀਰ ਬੁੱਧੂ ਸ਼ਾਹ ਦੇ ਲੜਕੇ ਅਤੇ ੭੦੦ ਮੁਰੀਦ ਗੁਰੂ ਸਾਹਿਬ ਵੱਲੋਂ ਬੀਰਤਾ ਨਾਲ ਲੜੇ ਤੇ ਉਨ੍ਹਾ ਵਿਚੋਂ ਬਹੁਤ ਸਾਰੇ ਸ਼ਹੀਦ ਹੋਏ।


**ਸੂਰਾ ਪੱਤਰ ਹਰ ਮਹੀਨੇ ਬਗੈਰ ਭੇਟਾ ਦੇ ਪ੍ਰਾਪਤ ਕਰੋ**

ਸੂਰਾ ਪੱਤਰ ਹਰ ਮਹੀਨੇ ਆਪਣੇ ਘਰ ਮੰਗਵਾਉਣ ਦੇ ਚਾਹਵਾਨ, ਲੋੜਵੰਦ ਸੱਜਣ ਹੇਠਾ ਦਿੱਤੇ ਪਤੇ ਤੇ ਆਪਣਾ ਸਿਰਨਾਵਾਂ ਭੇਜ ਦੇਣ। ਉਨ੍ਹਾ ਨੂੰ ਬਿਨ੍ਹਾ ਕਿਸੇ ਚੰਦੇ ਦੇ 'ਸੂਰਾ' ਹਰ ਮਹੀਨੇ ਭੇਜਿਆ ਜਾਏਗਾ।

**DIAMOND COPY HOUSE SCF---5 Sec 27-D CHANDIGARH TEL..656614/ 656429/ 653906**
**H.O.136--140/7 INDL. AREA CHANDIGARH 655514/ 657503**
**FAX 0172--674063 MOBILE 98140--44587 PH. RESI.609218/ 647 167/ 674462**





www.AKJ.Org

# ਗੁਰਬਾਣੀ ਸੰਗੀਤ

(ਪ੍ਰੋ: ਕਰਤਾਰ ਸਿੰਘ ਜੀ ਲੁਧਿਆਣਾ)

## ਰਾਗੁ ਕਲਿਆਨ

ਪਰੀਚੈ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾ ਦੀ ਤਰਤੀਬ ਵਿਚ ਕਲਿਆਨ ਰਾਗੁ ਨੂੰ ੨੯ਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਗੁਰੂ ਰਾਮ ਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਉਚਾਰਨ ਕੀਤੀ ਹੈ।

| | | | | | |
|---|---|---|---|---|---|
| ਰਾਗੁ | - | ਕਲਿਆਨ | ਥਾਟ | - | ਕਲਿਆਨ |
| ਸਵਰ | - | ਮਧਿਅਮ ਤੀਵਰ ਤੇ ਹੋਰ ਸਭ ਸ਼ੁੱਧ | ਵਰਜਿਤ ਸਵਰ | - | ਕੋਈ ਨਹੀਂ |
| ਜਾਤੀ | - | ਸੰਪੂਰਨ-ਸੰਪੂਰਨ | ਵਾਦੀ | - | ਗੰਧਾਰ |
| ਸੰਵਾਦੀ | - | ਨਿਸ਼ਾਦ | ਸਮਾਂ | - | ਰਾਤ ਦਾ ਪਹਿਲਾ ਪਹਿਰ |

ਆਰੋਹ - ਸ, ਨ਼ ਰ, ਗ ਮ॑ ਪ, ਮ॑ ਧ ਨੀ ਸਂ ਜਾਂ ਸ ਰ ਗ, ਮ॑ ਪ ਧ ਨ ਸ

ਅਵਰੋਹ - ਸਂ ਨੀ ਧ ਪ ਮ॑ ਗ ਰ ਸ

ਮੁਖ ਅੰਗ - ਨ਼ ਰ ਗ, ਰ ਮ॑ ਗ, ਪ ਮ॑ ਗ ਰ, ਨ਼ ਰ ਸ

### ਕਲਿਆਨ ਮਹਲਾ ੫ (੧੩੨੩)

ਪ੍ਰਭ ਮੇਰਾ ਅੰਤਰਜਾਮੀ ਜਾਣੁ॥ ਕਰਿ ਕਿਰਪਾ ਪੂਰਨ ਪਰਮੇਸਰ ਨਿਹਚਲੁ ਸਚੁ ਸਬਦੁ ਨੀਸਾਣੁ॥੧॥ ਰਹਾਉ॥
ਹਰਿ ਬਿਨੁ ਆਨ ਨ ਕੋਈ ਸਮਰਥੁ ਤੇਰੀ ਆਸ ਤੇਰਾ ਮਨਿ ਤਾਣੁ॥
ਸਰਬ ਘਟਾ ਕੇ ਦਾਤੇ ਸੁਆਮੀ ਦੇਹਿ ਸੁ ਪਹਿਰਣੁ ਖਾਣੁ॥੧॥
ਸੁਰਤਿ ਮਤਿ ਚਤੁਰਾਈ ਸੋਭਾ ਰੂਪੁ ਰੰਗੁ ਧਨੁ ਮਾਣੁ॥
ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ॥੨॥੬॥੯॥

ਰਾਗੁ ਕਲਿਆਨੁ, ਤੀਨ ਤਾਲ,

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | ਅਸਥਾਈ | ਨ਼ | ਰ | ਗ | ਰ | ਸ | ਨ਼ | ਰ | ਰ |
| | | | | | | | | ਪ੍ਰ | ਭੁ | ਮੇ | ਰਾ | ਅੰ | ऽ | ਤ | ਰ |
| ਗ | - | ਮ॑ | ਪ | ਰ | - | ਸ | - | ਨ਼ | ਰ | ਗ | ਮ॑ | ਪ | ਨ | ਧ | ਪ |
| ਜਾ | ऽ | ਮੀ | ऽ | ਜਾ | ऽ | ਣੁ | ऽ | ਕ | ਰਿ | ਕਿ | ਰ | ਪਾ | ऽ | ਪੂ | ऽ |
| ਮ॑ | ਪ | ਗ | ਮ॑ | ਗ | ਰ | ਗ | ਗ | ਮ॑ਮ॑ | ਧਧ | ਨ | ਸਂ | ਨ | ਧ | ਪ | ਮ॑ |
| ਰ | ਨ | ਪ | ਰ | ਮੇ | ऽ | ਸ | ਰ | ਨਿ੍ਹ | ਚਲੁ | ਸ | ਚੁ | ਸ | ਬ | ਦੁ | ਨੀ |
| ਗ | ਮ॑ | ਪ | ਮ॑ | ਗਮ॑ | ਪਮ॑ | ਗਰ | ਸ- | | | | | | | | |
| ਸਾ | ऽ | ऽ | ऽ | ਣੁऽ | ऽऽ | ऽऽ | ऽऽ | | | | | | | | |
| x | | | | ੨ | | | | 0 | | | | 3 | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | ਅੰਤਰਾ | ਮ॑ | ਪ | ਮ॑ | ਗ | ਮ॑ | ਧ | ਨ | ਨ |
| | | | | | | | | ਹ | ਰਿ | ਬਿ | ਨੁ | ਆ | ऽ | ਨ | ਨ |
| ਸਂ | - | ਸਂ | - | ਨ | ਰਂ | ਸਂ | ਸਂ | ਨ | ਰਂ | ਗਂ | ਰਂ | ਸਂ | ਨ | ਧ | ਪ |
| ਕੋ | ऽ | ਈ | ऽ | ਸ | ਮ | ਰ | ਥੁ | ਤੇ | ऽ | ਰੀ | ऽ | ਆ | ऽ | ਸ | ऽ |
| ਮ॑ | ਪ | ਗ | ਮ॑ | ਗਮ॑ | ਪਮ॑ | ਗਰ | ਸ | | | | | | | | |
| ਤੇ | ਰਾ | ਮ | ਨਿ | ਤਾऽ | ऽऽ | ਣੁऽ | ऽ | | | | | | | | |
| x | | | | 2 | | | | 0 | | | | 3 | | | |

ਤਾਨਾਂ :-

1 ਨ਼ਰ ਗਰ ਨ਼ਰ ਗਮ॑ ਪਮ॑ ਗਰ ਨ਼ਰ ਸ-
੨. ਨ਼ਰ ਗਮ॑ ਪਧ ਮ॑ਪ ਗਮ॑ ਗਰ ਨ਼ਰ ਸ-
3. ਨ਼ਰ ਗਮ॑ ਪਨ ਧਪ ਮ॑ਗ ਪਮ॑ ਗਰ ਸ-
4. ਨ਼ਰ ਗਮ॑ ਧਨ ਸਂਨ ਧਪ ਮ॑ਗ ਮ॑ਗ ਰਸ
5. ਨ਼ਰ ਗਗ ਰਗ ਰਸ ਗਮ॑ ਪਪ ਮ॑ਪ ਮ॑ਗ ਮ॑ਧ ਗਰ ਨਧ ਪਮ॑ ਗਰ ਗਮ॑ ਗਰ ਸ-
6. ਨ਼ਰ ਗਰ ਨ਼ਰ ਗਮ॑ ਗਰ ਨ਼ਰ ਗਮ॑ ਪਮ॑ ਗਰ ਨ਼ਰ ਗਮ॑ ਧਨ ਸਂਨ ਧਪ ਮ॑ਗ ਰਸ



www.AKJ.Org

# ਮੈਂ ਕਉਡਾਂ ਉਤੇ ਡੁੱਲ ਗਿਆ

ਸਤਿਗੁਰ ਜੀ ਤੇਰੇ ਬਚਨਾਂ ਨੂੰ॥
ਤੇਰੀ ਸ਼ਹਿਦ ਤੋਂ ਮਿੱਠੀ ਬਾਣੀ ਨੂੰ॥
ਭਵ-ਸਾਗਰ ਪਾਰ ਲੰਘਾਣੀ ਨੂੰ॥
ਜੀਵਨ ਦੀ ਜੁਗਤਿ ਸਿਖਾਣੀ ਨੂੰ॥
ਸਚਖੰਡ ਵਿੱਚ ਵਾਸ ਕਰਾਣੀ ਨੂੰ॥
ਗੁਰਸਿਖਾਂ ਪਿਆਰੀ ਭਾਣੀ ਨੂੰ॥
ਮੈਂ ਭੁਲ ਗਿਆ ਮੈਂ ਭੁਲ ਗਿਆ॥
ਜੋਹਰੀ ਸੀ ਸੁਚੇ ਰਤਨਾ ਦਾ ਮੈਂ ਕਉਡਾ ਉਤੇ ਡੁੱਲ ਗਿਆ॥
ਮੈਂ ਪੜ੍ਹ-ਪੜ੍ਹ ਕੇ ਮੈਂ ਗੁੜ੍ਹ ਗੁੜ੍ਹ ਕੇ॥
ਝੂਠੇ ਵਹਿਣਾ ਵਿੱਚ ਰੁੜ੍ਹ ਰੁੜ੍ਹ ਕੇ॥
ਸੁਖੀ ਦੇਖ ਭਰਾਵਾ ਕੁੜ੍ਹ ਕੁੜ੍ਹ ਕੇ॥
ਕਦੇ ਸੰਗ ਬੁਰਾਈਆ ਜੁੜ-ਜੁੜ ਕੇ।
ਗਲ ਕਰਕੇ ਗੁਰਮਤਿ ਮਾਰਗ ਦੀ॥
ਅਧ-ਵਾਟੇ ਹੀ ਤੋਂ ਮੁੜ-ਮੁੜ ਕੇ॥
ਤੇਰੇ ਬਚਨ ਕਮਾਣੇ ਭੁਲ ਗਿਆ॥
ਜੋਹਰੀ ਸੀ ਸੁਚੇ ਰਤਨਾ ਦਾ ਮੈਂ ਕਉਡਾਂ ਉਤੇ ਡੁੱਲ ਗਿਆ॥
ਕਿਸੇ ਚੰਗੇ ਦੀ ਚੰਗਿਆਈ ਨੂੰ॥
ਉਹੰਦੇ ਜੀਵਨ ਦੀ ਸਚਿਆਈ ਨੂੰ॥
ਉਹੰਦੀ ਸੁਣ-ਸੁਣ ਕੇ ਵਡਿਆਈ ਨੂੰ॥
ਨਿੰਦਿਆ ਕਰਨੇ ਨੂੰ ਤੁਲ ਪਿਆ॥
ਜੋਹਰੀ ਸੀ ਸੁਚੇ ਰਤਨਾ ਦਾ ਮੈਂ ਕਉਡਾ ਉਤੇ ਡੁੱਲ ਗਿਆ॥
ਕਦੇ ਬੋਲ-ਬੋਲ ਕਦੇ ਤੋਲ ਤੋਲ॥
ਕਦੇ ਬਹਿ ਬਹਿ ਕਰਦਾ ਕੋਲ ਕੋਲ॥
ਕਦੇ ਮੋਲ ਮੋਲ ਕਦੇ ਬਿਨਾਂ ਮੋਲ॥
ਮੈਂ ਨਿੰਦ ਵਪਾਰੀ ਨਵਾਂ ਟੋਲ॥
ਮੈਂ ਝਟਪਟ ਸਿਰਜਾ ਨਿੰਦ ਮਹੌਲ॥
ਨਿੰਦਾ ਬਿਨ ਹਿਰਦੇ ਪਵੇ ਹੌਲ॥
ਤੇਰੇ ਸੁਭ ਗੁਣ ਵਾਲੇ ਬਚਨਾ ਨੂੰ
ਆਕੀ ਹੋ ਮੰਨਣੋਂ ਭੁੱਲ ਗਿਆ॥
ਜੋਹਰੀ ਸੀ ਸੁੱਚੇ ਰਤਨਾ ਦਾ ਮੈਂ ਕਉਡਾ ਉਤੇ ਡੁੱਲ ਗਿਆ॥
ਕਦੇ ਕਰਦਾ ਸੀ ਬੇਸਮਝੀ ਵਿੱਚ,
ਫਿਰ ਸਮਝ ਆਈ ਭੀ ਕਰਦਾ ਰਿਹਾ॥
ਲੁਕ ਛਿਪ ਕੇ ਚੁਪ ਚੁਪੀਤੀ ਕਰ,
ਪੰਡ ਪਾਪਾ ਦੀ ਸਿਰ ਧਰਦਾ ਰਿਹਾ॥
ਆਪਣੇ ਤੋਂ ਮਾੜਾ ਛਡ ਦਿੰਦਾ,
ਨਿੰਦਿਆ ਚੰਗੇ ਦੀ ਕਰਦਾ ਰਿਹਾ॥
ਉਹਦੇ ਗੁਣ ਭੀ ਅਉਗਣ ਲਗਦੇ ਨੇ,
ਮੈਂ ਸਾਝ ਗੁਣਾਂ ਨੂੰ ਭੁਲ ਗਿਆ॥
ਜੋਹਰੀ ਸੀ ਸੁੱਚੇ ਰਤਨਾ ਦਾ ਮੈਂ ਕਉਡਾ ਉਤੇ ਡੁੱਲ ਗਿਆ॥

ਤੂੰ ਦਸਿਆ ਨਿੰਦਿਆ ਕਾਰ ਬੁਰੀ,
ਮੈਂ ਫਿਰ ਭੀ ਮੁੜ ਮੁੜ ਕਰਦਾ ਰਿਹਾ॥
ਮਨ ਖੁਸ਼ ਹੁੰਦਾ ਨਿੰਦਿਆ ਕਰਕੇ,
ਮੈਂ ਹਸਦਾ ਹਸਦਾ ਕਰਦਾ ਰਿਹਾ॥
ਕਦੇ ਛਡ ਦਿੰਦਾ ਕਦੇ ਫਿਰ ਕਰਦਾ,
ਕਦੇ ਡਰਦਾ ਡਰਦਾ ਕਰਦਾ ਰਿਹਾ॥
ਇਹਨੂੰ ਤਜਣਾ ਸੀ ਇਹ ਨੂੰ ਫੜ ਬੈਠਾ,
ਸੁਭ ਗੁਣਾ ਨੂੰ ਮੂਲੋਂ ਭੁਲ ਗਿਆ॥
ਜੋਹਰੀ ਸੀ ਸੁੱਚੇ ਰਤਨਾਂ ਦਾ ਮੈਂ ਕਉਡਾ ਉਤੇ ਡੁੱਲ ਗਿਆ॥
ਮਨ ਤਨ ਮੁਖ ਮੇਰੇ ਹਿਰਦੇ ਨਿੰਦਾ॥
ਲਹੂ ਮੇਰੇ ਵਿੱਚ ਰਚ ਗਈ ਨਿੰਦਾ॥
ਸੁਭਾ ਸ਼ਾਮ ਹਰ ਵੇਲੇ ਨਿੰਦਾ॥
ਲੈਣ ਦੇਣ ਨਿੰਦਾ ਹੀ ਨਿੰਦਾ॥
ਨਿੰਦਾ ਭਲੀ ਕਿਸੇ ਦੀ ਨਾਹੀ,
ਫਿਰ ਭੀ ਛਡ ਨਾ ਹੁੰਦੀ ਨਿੰਦਾ॥
ਪਰ ਨਿੰਦਾ ਘਟ ਅੰਦਰ ਚੂਹੜੀ,
ਇਹ ਬਚਨ ਗੁਰਾਂ ਦਾ ਭੁਲ ਗਿਆ॥
ਜੋਹਰੀ ਸੀ ਸੁਚੇ ਰਤਨਾਂ ਦਾ ਮੈਂ ਕਉਡਾਂ ਉਤੇ ਡੁੱਲ ਗਿਆ॥
ਸਾਧ ਦੀ ਨਿੰਦਾ ਸੰਤ ਦੀ ਨਿੰਦਾ॥
ਸੂਰਬੀਰ ਬਲਵੰਤ ਦੀ ਨਿੰਦਾ॥
ਧਨ-ਹੀਨ ਧਨਵੰਤ ਦੀ ਨਿੰਦਾ॥
ਭੈਣ ਭਾਈ ਪਤਵੰਤ ਦੀ ਨਿੰਦਾ॥
ਵਾਹ ਲਗੇ ਭਗਵੰਤ ਦੀ ਨਿੰਦਾ॥
ਭਾਵੇਂ ਕਰੇ ਖੁਆਰ ਇਹ ਨਿੰਦਾ॥
ਸਉਦਾ ਬਹੁਤ ਹੀ ਘਾਟੇ ਵਾਲਾ,
ਅਜ ਤਕ ਕੁਝ ਨਾ ਮੁਲ ਪਿਆ॥
ਜੋਹਰੀ ਸੀ ਸੁੱਚੇ ਰਤਨਾਂ ਦਾ ਮੈਂ ਕਉਡਾਂ ਉਤੇ ਡੁੱਲ ਗਿਆ॥
ਅਰਜ ਸੁਣੋ ਸਤਿਗੁਰ ਜੀ ਮੇਰੀ॥
ਹੁਣ ਤਕ ਨਿੰਦਾ ਕਰੀ ਬਥੇਰੀ॥
ਭੁਲ ਤਾ ਮੇਰੀ ਬਹੁਤ ਵਡੇਰੀ॥
ਬਖਸ਼ਿਸ਼ ਭੀ ਕੋਈ ਘਟ ਨਾ ਤੇਰੀ॥
ਚਾਹੁੰਦਾ ਹਾ ਹੁਣ ਰਹਿਮਤ ਤੇਰੀ॥
ਬਖਸ਼ ਦਿਓ ਨਾ ਲਾਇਓ ਦੇਰੀ॥
ਅਉਗਣ ਬਖਸ਼ ਕਰੋ ਮਤਵਾਲਾ॥
ਹਲਕਾ ਕਰ ਦਿਓ ਫੁਲ ਜਿਹਾ॥
ਜੋਹਰੀ ਸੀ ਸੁੱਚੇ ਰਤਨਾ ਦਾ ਮੈਂ ਕਉਡਾ ਉਤੇ ਡੁੱਲ ਗਿਆ॥

*(ਕੁਲਦੀਪ ਸਿੰਘ ਮਤਵਾਲਾ)*



www.AKJ.Org

# ਗੁਰਮਤਿ ਸਾਂਝਾ

ਜੇ ਕਰ ਕੋਈ ਵਿਦਿਆਰਥੀ ਸਕੂਲ ਜਾਣ ਉਪਰੰਤ ਅਧਿਆਪਕ ਨੂੰ ਨਮਸਕਾਰ ਕਰਕੇ ਜਾ ਉਸ ਦੀ ਕੁਰਸੀ ਦੀ ਪਰਕਰਮਾ ਕਰਕੇ ਵਾਪਸ ਪਰਤ ਆਵੇ, ਪ੍ਰੰਤੂ ਕਲਾਸ ਵਿੱਚ ਬੈਠ ਕੇ ਧਿਆਨਪੂਰਵਕ ਸੰਥਿਆ ਨਾ ਲਵੇ ਜਾ ਨਾ ਸੁਣੇ ਤਾਂ ਉਹ ਵਿਦਿਅਕ ਖੇਤਰ ਵਿੱਚ ਸਫਲਤਾ ਦੀਆਂ ਸਿਖਰਾ ਨੂੰ ਨਹੀਂ ਛੋਹ ਸਕਦਾ। ਬਿਲਕੁਲ ਇਸੇ ਤਰ੍ਹਾ ਜੇ ਕੋਈ ਸ਼ਰਧਾਲੂ ਸ਼ਰਧਾ ਸਹਿਤ ਗੁਰਦੁਆਰੇ ਜਾਵੇ, ਸਤਿਗੁਰੂ ਜੀ ਨੂੰ ਅਦਬ ਸਹਿਤ ਮੱਥਾ ਟੇਕ ਕੇ ਭੇਟਾ ਅਰਪਣ ਕਰੇ ਅਤੇ ਪਰਕਰਮਾਂ ਕਰਨ ਉਪਰੰਤ ਵਾਪਸ ਪਰਤ ਆਵੇ, ਪ੍ਰੰਤੂ ਸਾਧ-ਸੰਗਤਿ ਵਿੱਚ ਬੈਠ ਕੇ ਗੁਰਬਾਣੀ ਪਾਠ ਅਥਵਾ ਕਥਾ-ਕੀਰਤਨ ਨਾ ਸੁਣੇ, ਨਾ ਗਾਵੇ ਜਾਂ ਵਿਚਾਰੇ, ਤਾ ਉਹ ਕਦੇ ਵੀ ਵਿਕਾਰਾ ਤੋਂ ਮੁਕਤ ਹੋ ਕੇ ਆਤਮਕ ਅਨੰਦ ਨਹੀਂ ਮਾਣ ਸਕਦਾ। ਸਤਿਗੁਰੂ ਜੀ ਦਾ ਫੈਸਲਾ ਬੜਾ ਸਪਸ਼ਟ ਹੈ ਕਿ ਕੇਵਲ ਦਰਸ਼ਨ ਕਰਨ ਨਾਲ ਮੁਕਤੀ ਨਹੀਂ ਮਿਲਦੀ, ਜਦ ਤਾਂਈ ਜੀਵ ਸਤਿਗੁਰੂ ਦੇ ਸ਼ਬਦ ਨੂੰ ਨਹੀ ਵਿਚਾਰਦਾ, ਕਿਉਂਕਿ ਵਿਚਾਰ ਕਰਨ ਤੋਂ ਬਿਨਾ ਅਹੰਕਾਰ-ਰੂਪ ਮਨ ਦੀ ਮੈਲ ਨਹੀਂ ਉਤਰਦੀ ਤੇ ਨਾਮ ਵਿਚ ਪਿਆਰ ਨਹੀਂ ਬਣਦਾ। (ਸਿੱਖ ਫੁਲਵਾੜੀ)

ਗੁਰੂ ਗ੍ਰੰਥ ਸਾਹਿਬ ਪ੍ਰਤੀ ਸਾਡੀ ਪਹੁੰਚ ਵੀ ਵਿਸ਼ੇਸ਼ ਹੈ। ਆਮ ਤੌਰ 'ਤੇ ਪੰਜ ਬਾਣੀਆ ਦੇ ਪਾਠ, ਆਸਾ ਕੀ ਵਾਰ ਦੇ ਕੀਰਤਨ ਤੇ ਵੱਧ ਤੋਂ ਵੱਧ ਸੁਖਮਨੀ ਸਾਹਿਬ ਦੇ ਪਾਠ ਤਕ ਹੀ ਆਪੇ ਨੂੰ ਸੀਮਤ ਕਰ ਲਿਆ ਜਾਦਾ ਹੈ। ਨਿਰਾ ਪਾਠ, ਨਿਰੋਲ ਬਿਪਰਵਾਦੀ ਪਹੁੰਚ ਹੈ। ਅਸੀਂ ਗੁਰਬਾਣੀ ਨੂੰ ਸਮਝ ਕੇ ਉਸ ਅਨੁਸਾਰ ਵਿਹਾਰਕ ਜੀਵਨ ਬਿਤਾਉਣ ਦੀ ਥਾਂ 'ਰੱਬ' ਦਾ ਉਲਾਹਮਾ ਲਾਹੁਣ ਦੀ ਕੋਸ਼ਿਸ਼ ਕਰਦੇ ਹਾਂ। ਪਾਠ ਤੇ ਕੀਰਤਨ ਤੋਂ ਇਲਾਵਾ ਗੁਰਬਾਣੀ ਵਿਚਲੇ ਸ਼ਬਦਾ ਦੀ ਸਿਧਾਂਤਕ ਸਮਝ ਵੀ ਜ਼ਰੂਰੀ ਹੈ ਅਤੇ ਇਹ ਵੀ ਲਾਜ਼ਮੀ ਹੈ ਕਿ ਆਪਣੇ ਜੀਵਨ ਨੂੰ ਬਾਣੀ ਅਨੁਕੂਲ ਢਾਲਿਆ ਜਾਵੇ। ਇਹ ਰੋਜ਼ ਵੇਖਿਆ ਜਾਵੇ ਕਿ ਅੱਜ ਮੈਂ ਬਾਣੀ ਦੇ ਦਰਸਾਏ ਰਾਹ 'ਤੇ ਕਿੰਨਾ ਕੁ ਚੱਲਿਆ ਹਾਂ। (ਗੁਰਮਤਿ ਪ੍ਰਕਾਸ਼)

ਅੱਜ ਸਾਡਾ ਈਮਾਨ ਕਮਜ਼ੋਰ ਹੋ ਕੇ ਭਟਕਦਾ ਪਿਆ ਹੈ। ਅੱਜ ਅਸੀਂ ਆਪਣੇ ਨਾਪਾਕ ਇਰਾਦੇ ਪੂਰੇ ਕਰਨ ਦੀ ਹੋੜ ਵਿੱਚ ਲੱਗੇ ਹੋਏ ਹਾਂ। ਭ੍ਰਿਸ਼ਟਾਚਾਰ ਦੁਰਾਚਾਰ ਜਾਰੀ ਹੈ। ਅਜਿਹੀਆ ਦੁਸਵਿਰਤੀਆਂ ਰੱਖ ਕੇ ਅਸੀਂ ਕਿਵੇਂ ਆਪਣਾ, ਪੰਥ ਦਾ ਅਤੇ ਸਰਬੱਤ ਦਾ ਭਲਾ ਕਰ ਸਕਾਂਗੇ। ਦੋਹਰੇ ਵਿਅਕਤਿਤਵ ਦੀ ਭੂਮਿਕਾ ਛੱਡਣੀ ਹੈ। ਅਸੀਂ ਅੰਦਰੋਂ ਬੇਈਮਾਨੀ ਕਰਦੇ ਹੋਏ, ਉਪਰੋਂ ਇਮਾਨਦਾਰੀ ਦਾ ਹੋਕਾ ਦਿੰਦੇ ਨਹੀਂ ਥੱਕਦੇ। ਸੰਭਲੋ-ਅਸੀਂ ਸੰਭਲਣਾ ਨਹੀਂ ਚਾਹੁੰਦੇ। ਸਾਵਧਾਨ-ਅਸੀਂ ਸਾਵਧਾਨ ਨਹੀਂ ਹੋਣਾ ਚਾਹੁੰਦੇ । ਦੁਸ਼ਵਿਰਤੀਆ ਸਾਨੂੰ ਚੰਗਿਆ ਲੱਗਦੀਆ ਹਨ। ਸਾਡਾ ਸੁਆਰਥ ਸਾਡੇ ਪ੍ਰਮਾਰਥ ਤੇ ਹਾਵੀ ਹੈ। ਸਾਡੀ ਬਦੀ ਸਾਡੀ ਨੇਕੀ ਤੇ ਹਾਵੀ ਹੈ। ਅਸੀਂ ਰਾਜਨੀਤੀ ਅਤੇ ਪੈਸੇ ਦੇ ਜ਼ੋਰ ਨਾਲ ਆਪਣੀਆਂ ਬੁਰਾਈਆ ਢੱਕਣ ਵਿੱਚ ਕਾਮਯਾਬ ਹੋ ਜਾਂਦੇ ਹਾਂ। ਪੰਥ-ਖਾਲਸਾ ਸ਼ੁਭ ਕਰਮਾਂ ਦੇ ਬਦਲ ਦਾ ਨਾਂ ਹੈ। ਇਹ ਪਰਿਭਾਸ਼ਾ ਅਸੀਂ ਸਮਝਦੇ ਹੋਏ ਵੀ ਬੇ-ਸਮਝ ਬਣੇ ਹੋਏ ਹਾਂ। ਬੁਰੇ ਕਰਮ ਕਰਕੇ ਵੀ ਚੰਗਾ ਅਖਵਾਉਣ ਦੇ ਤਰੀਕੇ, ਰਾਹ, ਤਕਨੀਕਾਂ ਜਾਣਦੇ ਹਾਂ। ਤਕਨੀਕਾਂ ਵਿੱਚ ਬਹੁਤੀ ਕਾਮਯਾਬੀ ਹਾਸਲ ਵੀ ਕਰਦੇ ਹਾਂ। ਗੁਰਮਤਿ ਸਿਧਾਤਾ ਨੂੰ ਘੱਟ ਮੱਦੇ ਨਜ਼ਰ ਰੱਖਦੇ ਹਾਂ। ਸਾਰੇ ਮਾੜੇ ਹੀਂ ਹੁੰਦੇ । ਲੇਕਿਨ ਥੋੜੇ ਚੰਗਿਆ ਦੀ ਬਹੁਤੇ ਮਾੜਿਆਂ ਵਿੱਚ ਵੁਕਤ ਕੋਈ ਨਹੀਂ ਹੁੰਦੀ। (ਸੀਸ ਗੰਜ)

## ਗੁਰਮਤਿ ਸਾਹਿਤ ਨੂੰ ਰੱਦੀ ਵਿਚ ਨਾ ਵੇਚੋ ਜੀ

*ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਸੂਰਾ ਪੱਤਰ ਦੇ ਪੁਰਾਣੇ ਅੰਕ ਅਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਵੇਚ ਕੇ ਗੁਰਬਾਣੀ ਦੀ ਬੇ-ਅਦਬੀ ਦੇ ਭਾਗੀ ਨਾ ਬਣੋ ਜੀ ਸਗੋਂ ਇਹ ਸਾਹਿਤ ਹੋਰਨਾਂ ਲੋਕਾਂ ਨੂੰ ਪੜ੍ਹਾ ਕੇ ਗੁਰਮਤਿ ਪ੍ਰਚਾਰ ਵਿਚ ਹਿੱਸਾ ਪਾਉ ਜੀ। ਪੁਰਾਣੇ ਸੂਰਾ ਪੱਤਰ ਜਾਂ ਹੋਰ ਸਾਹਿਤ ਸੂਰਾ ਦਫਤਰ ਜਾਂ ਸਟਾਲ ਤੇ ਵੀ ਪਹੁੰਚਾਇਆ ਜਾ ਸਕਦਾ ਹੈ। ਜਿਥੋਂ ਕਿ ਚਾਹਵਾਨ ਸੰਗਤਾਂ ਨੂੰ ਇਹ ਪੁਰਾਣੇ ਅੰਕ ਬਿਲਕੁਲ ਭੇਟਾ ਰਹਿਤ ਦਿੱਤੇ ਜਾਂਦੇ ਹਨ।*



www.AKJ.Org

(ਵੱਖ ਵੱਖ ਅਖ਼ਬਾਰੀ ਰਿਪੋਰਟਾ ਦੇ ਅਧਾਰ ਤੇ) **ਖਬਰਨਾਮਾ**

## ਤਲਵੰਡੀ ਨੂੰ ਸਿੱਖਾਂ ਦੀ ਪਰਿਭਾਸ਼ਾ 'ਚ ਕੀਤੀ ਤਬਦੀਲੀ ਨੂੰ ਰੱਦ ਕਰਵਾਉਣ ਦੀ ਅਪੀਲ

ਲੁਧਿਆਣਾ,19 ਮਾਰਚ (ਅਜੀਤ ਰਿਪੋਟਰ) ਗੁਰਮਤਿ ਗਿਆਨ ਮਿਸ਼ਨਰੀ ਕਾਲਜ ਪੰਜਾਬ ਬਾਗ ਜਵੱਦੀ ਲੁਧਿਆਣਾ ਵਿਖੇ ਹੋਈ ਪੰਥਕ ਆਗੂਆਂ, ਪੰਥਕ ਜਥੇਬੰਦੀਆ, ਗੁਰਦੁਆਰਾ ਪ੍ਰਬੰਧਕ ਕਮੇਟੀਆ ਤੇ ਹੋਰ ਸਿੱਖ ਜਥੇਬੰਦੀਆਂ ਦੀ ਮੀਟਿੰਗ ਨੇ ਇਕ ਮਤਾ ਪਾਸ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਤੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਤੋਂ ਮੰਗ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਦੀ ਪਰਿਭਾਸ਼ਾ ਸਬੰਧੀ ਕੀਤੀ ਗਈ ਤਬਦੀਲੀ ਨੂੰ ਰੱਦ ਕਰਾਉਣ ਲਈ ਅੱਗੇ ਹੋ ਕੇ ਕੰਮ ਕਰਨ। ਇਸ ਮੀਟਿੰਗ ਵਿਚ ਪਾਸ ਕੀਤੇ ਇਕ ਮਤੇ ਰਾਹੀਂ ਕਿਹਾ ਗਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 30 ਨਵੰਬਰ 2000 ਨੂੰ ਮੀਟਿੰਗ ਕਰਕੇ ਸਿੱਖ ਗੁਰਦੁਆਰਾ ਐਕਟ 1925 ਵਿਚ ਤਰਮੀਤ ਲਈ ਪਾਸ ਕੀਤੇ ਮਤੇ ਵਿਚ ਸਿੱਖ ਦੀ ਪਰਿਭਾਸ਼ਾ ਹੀ ਤਬਦੀਲ ਕਰ ਦਿੱਤੀ ਹੈ ਜੋ ਇਕ ਮੰਦਭਾਗੀ, ਅਣਲੋੜੀਦੀ ਅਤੇ ਸਿੱਖ-ਵਿਰੋਧੀ ਕਾਰਵਾਈ ਹੈ। ਇਸ ਤਬਦੀਲੀ ਨੂੰ ਪੂਰਨ ਰੂਪ ਵਿਚ ਰੱਦ ਕਰਦਿਆ ਕਿਹਾ ਗਿਆ ਹੈ ਕਿ ਸਿੱਖ ਪੰਥ ਅਤੇ ਇਸਦੀ ਸਰਵਉਚ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਅੱਜ ਸੱਤਾਹੀਣ ਕਰ ਦੇਣ ਅਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਤੋਂ ਪੰਥ ਨੂੰ ਸਦੀਵ ਤੌਰ 'ਤੇ ਵਾਝੇ ਕਰਨ ਲਈ ਕੀਤੀ ਗਈ ਡੂੰਘੀ ਸਾਜਿਸ਼ ਤਹਿਤ ਇਹ ਮਤਾ ਪਾਸ ਕੀਤਾ ਗਿਆ ਹੈ। ਇਕ ਹੋਰ ਮਤੇ ਰਾਹੀਂ ਕਿਹਾ ਗਿਆ ਹੈ ਕਿ ਸਿੱਖ ਦੀ ਪ੍ਰੀਭਾਸ਼ਾ ਦਿੱਲੀ ਵਾਲੀ ਮੱਤ ਨੂੰ ਅਪਣਾਉਣ ਲਈ ਤਬਦੀਲ ਕੀਤੀ ਗਈ ਸੀ ਪਰ ਕਾਰਵਾਈ ਲਿਖਣ ਲੱਗਿਆਂ ਇਸਦੇ ਉਲਟ ਸਰਕਾਰੀ ਗੁਰਦੁਆਰਾ ਕਮਿਸ਼ਨ ਦੇ ਮੁਖੀ ਜਸਟਿਸ ਹਰਬੰਸ ਸਿੰਘ ਵੱਲੋ ਪ੍ਰਕਾਸਿਤ ਕੀਤੀ ਗਈ ਸਿੱਖ ਵਿਰੋਧੀ ਪਰਿਭਾਸ਼ਾ ਨੂੰ ਅਪਣਾਇਆ ਗਿਆ ਹੈ। ਇਸ ਦੀ ਮੁਕੰਮਲ ਜਾਚ ਕਰਾਕੇ ਸਿੱਖ ਸੰਗਤਾਂ ਸਾਹਮਣੇ ਰੱਖੀ ਜਾਵੇ। ਮੀਟਿੰਗ ਨੇ ਪਾਸ ਕੀਤੇ ਮਤੇ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਮੰਗ ਕੀਤੀ ਹੈ ਕਿ ਇਸ ਲਈ ਹਰ ਚਾਰਾਜੋਈ ਕੀਤੀ ਜਾਵੇ।

## ਕਰਤਾਰਪੁਰ ਸਾਹਿਬ ਤੱਕ ਲਾਂਘੇ ਦੇ ਮਾਮਲੇ ਤੇ ਸੰਗਤਾਂ 'ਚ ਰੋਸ

ਡੇਰਾ ਬਾਬਾ ਨਾਨਕ-19 ਮਾਰਚ (ਰਜਿੰਦਰ ਸਿੰਘ) ਭਾਵੇਂ ਕਿ ਪਾਕਿਸਤਾਨ ਸਰਕਾਰ ਨੇ ਆਪਣੇ ਦੇਸ਼ ਅੰਦਰ ਪੈਂਦੇ ਸਿੱਖਾਂ ਦੇ ਇਤਿਹਾਸਕ ਗੁਰਦੁਆਰੇ ਸ੍ਰੀ ਕਰਤਾਰਪੁਰ ਸਾਹਿਬ ਦੇ ਸੰਗਤਾ ਨੂੰ ਖੁਲ੍ਹੇ ਦਰਸ਼ਨ ਦੀਦਾਰ ਕਰਨ ਲਈ ਭਾਰਤ-ਪਾਕਿਸਤਾਨ ਦਰਮਿਆਨ 25 ਫੁੱਟ ਚੌੜਾ ਅਤੇ 40 ਮੀਟਰ ਤੱਕ ਲੰਬਾ ਲਾਘਾ (ਰਸਤਾ) ਬਣਾਉਣ ਦੀ ਮਨਜ਼ੂਰੀ ਭਾਰਤ ਸਰਕਾਰ ਨੂੰ ਦੇ ਦਿੱਤੀ ਹੈ ਪ੍ਰੰਤੂ ਇਸ ਦੇ ਬਾਵਜੂਦ ਇਹ ਲਾਘਾ ਬਣਾਉਣ ਸਬੰਧੀ ਜਿਥੇ ਭਾਰਤ ਸਰਕਾਰ ਨੇ ਚੁੱਪ ਵੱਟੀ ਹੋਈ ਹੈ ਅਤੇ ਪਾਕਿਸਤਾਨ ਦੀ ਇਸ ਤਜਵੀਜ ਨੂੰ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਉਥੇ ਸਿੱਖਾ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਇਤਿਹਾਸਕ ਗੁਰਦੁਆਰੇ ਦੇ ਸਿੱਖ ਸੰਗਤਾਂ ਨੂੰ ਖੁਲ੍ਹੇ ਦਰਸ਼ਨ ਕਰਵਾਉਣ ਲਈ ਅਤੇ ਲਾਘਾ ਬਣਾਉਣ ਲਈ ਕੋਈ ਜਿਆਦਾ ਗੰਭੀਰ ਨਹੀਂ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਸਰਕਾਰ ਨੂੰ ਇਸ ਸਬੰਧੀ ਹਾ ਕਰਨ ਲਈ ਅਜੇ ਤੱਕ ਨਾ ਤਾ ਕੋਈ ਮੰਗ-ਪੱਤਰ ਹੀ ਦਿੱਤਾ ਗਿਆ ਹੈ ਅਤੇ ਨਾ ਹੀ ਕਿਸੇ ਹੋਰ ਕਿਸਮ ਦੀ ਕਾਰਵਾਈ ਕੀਤੀ ਗਈ ਹੈ ਜਿਸ ਨੂੰ ਧਿਆਨ 'ਚ ਰੱਖਦਿਆਂ ਭਾਰਤ ਸਰਕਾਰ ਇਸ ਗੁਰਦੁਆਰੇ ਲਈ ਲਾਘਾ ਬਣਾਉਣ ਬਾਰੇ ਕੋਈ ਵਿਚਾਰ ਕਰੇ। ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ ਵਰਤੀ ਜਾ ਰਹੀ ਢਿੱਲ-ਮੱਠ ਨੂੰ ਵੇਖ ਕੇ ਸਿੱਖ ਸੰਗਤ ਅੰਦਰ ਸ਼੍ਰੋਮਣੀ ਕਮੇਟੀ ਪ੍ਰਤੀ ਡਾਢਾ ਰੋਸ ਪਾਇਆ ਜਾ ਰਿਹਾ ਹੈ। ਪ੍ਰੰਤੂ ਵੱਖ-ਵੱਖ ਜਥੇਬੰਦੀਆਂ ਇਹ ਲਾਘਾ ਬਣਾਉਣ ਲਈ ਪੂਰਾ ਜੋਰ ਲਗਾ ਰਹੀਆਂ ਹਨ। ਵਿਸ਼ਵ ਭਾਈ ਮਰਦਾਨਾ ਕੀਰਤਨ ਦਰਬਾਰ ਸੁਸਾਇਟੀ ਫਿਰੋਜ਼ਪੁਰ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ ਮੁਤਾਬਿਕ ਉਨ੍ਹਾ ਦੀ ਸੁਸਾਇਟੀ ਇਸ ਮਾਮਲੇ ਨੂੰ ਕਰੀਬ ਦੋ ਸਾਲਾ ਵਿਚ ਪੂਰੀ ਤਰ੍ਹਾ ਹੱਲ ਕਰ ਲਵੇਗੀ ਅਤੇ ਉਸ ਤੋਂ ਬਾਅਦ ਕਰਤਾਰਪੁਰ ਸਾਹਿਬ ਦੇ ਦਰਸ਼ਨਾ ਲਈ ਕਿਸੇ ਪ੍ਰਕਾਰ ਦੇ ਵੀਜ਼ੇ ਦੀ ਜ਼ਰੂਰਤ ਨਹੀਂ ਰਹੇਗੀ। ਕਰੀਬ ਦੋ ਮਹੀਨੇ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਸੰਗਤਾਂ ਨੂੰ ਦਰਸ਼ਨ ਕਰਵਾਉਣ ਲਈ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੀ ਛੱਤ ਉਪਰ ਵਿਸ਼ੇਸ ਤਰ੍ਹਾ ਦੀਆ ਦੂਰਬੀਨਾ ਲਗਵਾਉਣ ਦਾ ਫੈਸਲਾ ਕਾਰਜਕਾਰਣੀ ਦੀ ਇਕ ਮੀਟਿੰਗ ਵਿਚ ਵਿਚਾਰਿਆ ਗਿਆ ਸੀ, ਜਿਸ ਦਾ ਹਰ ਸਿੱਖ ਨੇ ਸਵਾਗਤ ਕੀਤਾ ਸੀ, ਪ੍ਰੰਤੂ ਅਜੇ ਤੱਕ ਨਾ ਤਾਂ ਸ਼੍ਰੋਮਣੀ ਕਮੇਟੀ ਨੇ ਡੇਰਾ ਬਾਬਾ ਨਾਨਕ 'ਚ ਕਰਤਾਰਪੁਰ ਸਾਹਿਬ ਦੇ ਦਰਸ਼ਨਾ ਲਈ ਕੋਈ ਦੂਰਬੀਨਾਂ ਲਗਵਾਈਆਂ ਹਨ ਅਤੇ ਨਾ ਹੀ ਲਾਘਾ ਬਣਾਉਣ ਸਬੰਧੀ ਹੀ ਕੋਈ ਵਿਚਾਰ ਕੀਤਾ ਜਾ ਰਿਹਾ ਹੈ।



www.AKJ.Org

## ਰਾਸ਼ਟਰੀ ਸਵੈ ਸੇਵਕ ਸੰਘ ਵੱਲੋਂ ਜਾਰੀ ਸਰਕੂਲਰ ਨਾਲ ਨਵਾਂ ਵਿਵਾਦ ਛਿੜਿਆ

ਜਗਰਾਉਂ-੨੬ ਫਰਵਰੀ (ਰੂਸੀ ਅਜੀਤ) ਆਰ. ਐਸ. ਐਸ ਵੱਲੋਂ ਆਪਣੇ ਸਥਾਨਿਕ ਨੇਤਾਵਾਂ ਨੂੰ 34 ਨੁਕਤਿਆਂ ਵਾਲਾ ਭੇਜਿਆ ਸਰਕੂਲਰ ਨੰਬਰ 411/ ਆਰ ਓ 3003/11 ਆਰ. ਐਸ. ਐਸ. 03 ਅੱਜ ਕੱਲ੍ਹ ਸਿੱਖ ਹਲਕਿਆ ਵਿਚ ਚਿੰਤਾ ਅਤੇ ਵਾਦ-ਵਿਵਾਦ ਦਾ ਹਿੱਸਾ ਬਣਿਆ ਹੋਇਆ ਹੈ। ਕੇਂਦਰੀ ਪੰਜਾਬੀ ਲਿਖਾਰੀ ਸਭਾ ਦੇ ਸਾਬਕਾ ਜਨਰਲ ਸਕੱਤਰ ਅਤੇ ਉਘੇ ਰਾਜਨੀਤਕ ਆਗੂ ਡਾ. ਤਾਰਾ ਸਿੰਘ ਸੰਧੂ ਨੇ ਇਥੇ ਉਕਤ ਸਰਕੂਲਰ ਦੀ ਕਾਪੀ ਪੱਤਰਕਾਰਾ ਨੂੰ ਦਿਖਾਉਂਦਿਆ ਦੱਸਿਆ ਕਿ ਆਰ. ਐਸ ਐਸ. ਵੱਲੋਂ ਜਾਰੀ ਇਹ ਸਰਕੂਲਰ ਆਰ. ਐਸ. ਐਸ ਦੇ ਗੁੱਪਤ ਏਜੰਡੇ ਦੀ ਸੁਰੂਆਤ ਹੈ ਜਿਹੜੀ ਭਾਰਤ ਦੇ ਸਮਾਜਿਕ ਸੰਤੁਲਨ ਨੂੰ ਵਿਗਾੜਨ ਲਈ ਦੇਸ਼ ਦੀਆ ਘੱਟ ਗਿਣਤੀਆ ਖਿਲਾਫ ਸਾਜਿਸਾ ਰੱਚ ਰਹੀ ਅਤੇ ਖੇਤਰੀ ਤੇ ਸਭਿਆਚਾਰਕ ਪਛਾਵਾਂ ਨੂੰ ਖਤਮ ਕਰਨ ਲਈ ਗੁਪਤ ਏਜੰਡੇ 'ਤੇ ਸਰਗਰਮੀ ਨਾਲ ਕੰਮ ਕਰ ਰਹੀ ਹੈ।

ਆਰ. ਐਸ. ਐਸ ਵੱਲੋਂ ਕਥਿਤ ਰੂਪ ਵਿਚ ਜਾਰੀ ਇਸ ਸਰਕੂਲਰ ਦੀ 19ਵੀਂ ਮਦ ਵਿਚ ਜੈਨੀਆ, ਬੋਧੀਆ ਅਤੇ ਸਿੱਖਾ ਦੇ ਹਿੰਦੂਕਰਨ ਕਰਨ ਨੂੰ ਜਾਰੀ ਰੱਖਣ ਅਤੇ ਇਨ੍ਹਾ ਧਰਮਾ ਦੇ ਮੰਦਿਰਾ ਵਿਚ ਸ੍ਰੀ ਰਾਮ ਚੰਦਰ ਦੀ ਪੂਜਾ ਵੱਧ ਤੋਂ ਵੱਧ ਕੀਤੇ ਜਾਣ ਦੇ ਆਦੇਸ਼ ਹਨ। ੨੦ਵੀਂ ਮੱਦ ਵਿਚ ਕੰਮਿਊਨਿਜਮ ਤੇ ਕਮਿਊਨਿਸਟਾ 'ਤੇ ਹਮਲੇ ਕਰਨ ਲਈ ਅਵਰਵਾ ਅਤੇ ਸੂਦਰਾ ਨੂੰ ਵਰਤਣ ਦੀ ਸਿਫਾਰਿਸ਼ ਕੀਤੀ ਗਈ ਹੈ। ੨੨ਵੇਂ ਨੁਕਤੇ ਵਿਚ ਸੂਦਰਾ ਅਤੇ ਪਛੜੀਆ ਜਾਤੀਆ ਵਿਚ ਝਗੜਿਆ ਨੂੰ ਹਵਾ ਦੇਣ ਦੀ ਗੱਲ ਕੀਤੀ ਗਈ।

ਡਾ: ਸੰਧੂ ਵੱਲੋਂ ਵਿਖਾਏ ਗਏ ਇਸ ਸਰਕੂਲਰ ਦੇ ੨3ਵੇਂ ਨੁਕਤੇ ਵਿਚ ਡਾ. ਅੰਬੇਦਕਰ ਦੇ ਬੁੱਤਾਂ ਨੂੰ ਤੋੜਨ ਦੀ ਪ੍ਰੀਕਿਰਿਆ ਨੂੰ ਜਾਰੀ ਰੱਖਣ ਅਤੇ ੨੨ਵੇਂ ਨੁਕਤੇ ਵਿਚ ਅਖਬਾਰਾ ਉੱਤੇ ਕੰਟਰੋਲ ਵਧਾ ਕੇ ਹਿੰਦੂ ਧਰਮ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਦੀਆਂ ਹਦਾਇਤਾ ਹਨ। ਸਰਕੂਲਰ ਦੀ ੨8ਵੀਂ ਮੱਦ ਅਨੁਸੂਚਿਤ ਜਾਤੀਆ ਅਤੇ ਜਨ ਜਾਤੀਆ ਦੇ ਪ੍ਰਭਾਵਸ਼ਾਲੀ ਆਗੂਆ ਨੂੰ ਆਪਣੇ ਨਾਲ ਰਲਾਉਣ ਲਈ ਯੋਜਨਾਵਾ ਬਣਾਉਣ ਦੀ ਗੱਲ ਕਰਦਾ ਹੈ। ਅਗਲੇ ਨੁਕਤੇ ਵਿਚ ਆਖਿਆ ਗਿਆ ਹੈ ਕਿ ਗੈਰ ਹਿੰਦੂ ਵਪਾਰੀਆਂ, ਸਵਰਨਕਾਰਾ ਅਤੇ ਬੈਂਕਰਾ ਨੂੰ 'ਟਰੇਡ' ਵਿਚ ਘੁੱਸਣ ਤੋਂ ਰੋਕਣ ਲਈ ਪ੍ਰਭਾਵਾ ਦੀ ਵਰਤੋਂ ਕੀਤੀ ਜਾਵੇ। ਇਸ ਸਰਕੂਲਰ ਦੀ ਸਭ ਤੋਂ ਭਿਆਨਕ ਅਤੇ ਖਤਰਨਾਕ ਮੱਦ 31 ਹੈ ਜਿਸ ਵਿਚ ਆਖਿਆ ਗਿਆ ਹੈ ਕਿ ਗੈਰ ਹਿੰਦੂਆ ਤੇ ਸ਼ੱਕ ਬ੍ਰਾਹਮਣਾਂ ਦੇ ਕਤਲ ਜਾਰੀ ਰੱਖੇ ਜਾਣ ਅਤੇ ਫਿਰਕੂ ਦੰਗਿਆ ਸਮੇਂ ਅਵਾਸੀ ਪੱਧਰ 'ਤੇ ਮੁਸਲਮਾਨਾ ਦੇ ਆਵਰਟਾ ਦੀਆ ਔਰਤਾਂ ਨਾਲ ਜਬਰ-ਜਿਨਾਹ ਕੀਤੇ ਜਾਣ।

ਇਥੇ ਵਰਣਨਯੋਗ ਹੈ ਕਿ ਇਸ ਸਰਕੂਲਰ ਦੀ ਸਾਈਕਲੋ ਸਟਾਈਲ ਕਾਪੀ ਵੰਡੀ ਜਾਂਦੀ ਹੈ ਅਤੇ ਇਸ ਦੀ ਸੁਰੂਆਤ ਸਥਾਨਕ ਆਗੂਆ ਦੇ ਸੰਬੋਧਨ ਨਾਲ ਕੀਤੀ ਗਈ ਹੈ ਅਤੇ ਹਦਾਇਤ ਦਿੱਤੀ ਗਈ ਹੈ ਇਸ ਦੀਆਂ ਹਦਾਇਤਾ ਨੂੰ ਪਾਸ ਕਰਨ ਤੋਂ ਬਾਅਦ ਇਸ ਪੱਤਰ ਨੂੰ ਸਾੜ ਜਾ ਤਬਾਹ ਕਰ ਦਿੱਤਾ ਜਾਵੇ। ਇਨ੍ਹਾਂ ਹਦਾਇਤਾ ਨੂੰ ਪੁਰਾਣੀਆ ਹਦਾਇਤਾ ਵਿਚ ਵਾਧਾ ਤੇ ਸੋਧ ਆਖਿਆ ਗਿਆ ਹੈ ਅਤੇ ਪ੍ਰਭਾਵਾ ਬਾਰੇ ਹੈਡਕੁਆਰਟਰਾ ਨੂੰ 'ਫੀਡ ਬੈਕ' ਕਰਨ ਲਈ ਆਖਿਆ ਗਿਆ ਹੈ। ਸਰਕੂਲਰ ਵਿਚ ਦਿੱਤੇ ਗਏ 34 ਨੁਕਤਿਆ ਵਿਚ ਬਹੁਤੇ ਗੈਰ ਹਿੰਦੂਆ ਤੇ ਵਿਸੇਸ ਕਰਕੇ ਪਛੜੀਆ ਸ੍ਰੇਣੀਆ ਦੇ ਵਿਰੁੱਧ ਜਹਿਰ ਨਾਲ ਭਰਪੂਰ ਹਨ। ਇਸ ਸਰਕੂਲਰ ਦੀ ਪੁਸਟੀ ਬਾਰੇ ਜਦੋਂ ਆਰ. ਐਸ. ਐਸ. ਦੇ ਲੁਧਿਆਣਾ ਸਥਿਤ ਦਫਤਰ ਨਾਲ ਸੰਪਰਕ ਕੀਤਾ ਤਾ ਉਨ੍ਹਾ ਅਜਿਹਾ ਕਿਸੇ ਸਰਕੂਲਰ ਦੇ ਜਾਰੀ ਕੀਤੇ ਜਾਣ ਬਾਰੇ ਸਪੱਸ਼ਟ ਖੰਡਨ ਕੀਤਾ।

## ਸ੍ਰੀ ਗੁਰੂ ਗ੍ਰੰਥ ਸਟੱਡੀਜ਼ ਚੇਅਰ ਸਥਾਪਿਤ ਕਰਨ ਦਾ ਐਲਾਨ

ਅੰਮ੍ਰਿਤਸਰ- ੨੬ ਫਰਵਰੀ (ਜਗਤਾਰ ਸਿੰਘ ਲਾਂਬਾ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ 'ਵਿਸ਼ਵ ਦਾ ਪਹਿਲਾ ਸਰਬ ਸਾਂਝਾ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਸ਼ੇ 'ਤੇ ਆਧਾਰਿਤ ਤਿੰਨ-ਦਿਨਾ ਅੰਤਰਰਾਸ਼ਟਰੀ ਕਾਨਫਰੰਸ ਦੇ ਉਦਘਾਟਨੀ ਦਿਨ ਅੱਜ ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਹਰਭਜਨ ਸਿੰਘ ਸੋਚ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਕਰਨ ਦਾ ਐਲਾਨ ਕੀਤਾ ਹੈ ਜਿਸ ਨੂੰ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ ਮਾਨਤਾ ਦਿੰਦਿਆ ਇਸ ਚੇਅਰ ਲਈ ਲੋੜੀਂਦੇ ਫੰਡ ਦੇਣ ਦਾ ਐਲਾਨ ਕੀਤਾ।

ਇਹ ਤਿੰਨ ਦਿਨਾ ਅੰਤਰਰਾਸ਼ਟਰੀ ਕਾਨਫਰੰਸ ੨004 ਈਸਵੀ ਵਿਚ ਆ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਸਥਾਪਨਾ ਤੇ ਸੰਪ੍ਰਾਦਨਾ ਦਿਵਸ ਅਤੇ ੨008 ਈਸਵੀ ਵਿਚ ਆਉਣ ਵਾਲੇ ਇਸ ਮਹਾਨ ਗ੍ਰੰਥ ਦੇ ਗੁਰ-ਗੱਦੀ ਦਿਵਸ ਦੇ 300 ਸਾਲਾ ਦੇ ਸਬੰਧ ਵਿਚ ਆਯੋਜਿਤ ਕੀਤੀ ਗਈ ਹੈ। ਇਹ ਕਾਨਫਰੰਸ ਗੁਰੂ ਨਾਨਕ ਦੇਵ-ਯੂਨੀਵਰਸਿਟੀ ਵੱਲੋਂ ਅਮਰੀਕਾ ਸਥਿਤ ਡੱਲਾ ਦੀ ਅਕਾਦਮੀ ਆਫ ਗੁਰੂ ਗ੍ਰੰਥ ਸਟੱਡੀਜ਼ ਦੇ ਸਹਿਯੋਗ ਨਾਲ ਸ਼ੁਰੂ ਕਰਵਾਈ ਗਈ ਹੈ।



www.AKJ.Org

## ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਬਾਰੇ ਕੋਫੀ ਅੱਨਾਨ ਨੂੰ ਪੱਤਰ

ਅੰਮ੍ਰਿਤਸਰ– 16 ਮਾਰਚ (ਟ੍ਰਿਬਿਊਨ ਰਿਪੋਟਰ) ਖਾਲੜਾ ਮਿਸ਼ਨ ਕਮੇਟੀ ਅਤੇ ਪੰਜਾਬ ਦੇ ਮਨੁੱਖੀ ਅਧਿਕਾਰ ਸੰਗਠਨ ਨੇ ਭਾਰਤ ਦੀ ਫੇਰੀ 'ਤੇ ਆਏ ਸੰਯੁਕਤ ਰਾਸਟਰ ਸੰਘ ਦੇ ਸਕੱਤਰ ਜਨਰਲ ਸ੍ਰੀ ਕੋਫੀ ਅੱਨਾਨ ਨੂੰ ਲਿਖੇ ਪੱਤਰ ਵਿਚ, ਜਿਹੜਾ ਉਨ੍ਹਾਂ ਨੂੰ ਫੈਕਸ ਰਾਹੀਂ ਭੇਜਿਆ ਹੈ, ਵਿਚ ਪਿਛਲੇ 50 ਸਾਲਾ ਤੋਂ ਸਿੱਖਾਂ ਨਾਲ ਕੀਤੀਆ ਜਾ ਰਹੀਆਂ ਵਧੀਕੀਆ ਦਾ ਮਸਲਾ ਉਠਾਇਆ ਹੈ।

ਸ੍ਰੀ ਅੱਨਾਨ ਨੂੰ ਭੇਜੇ ਪੱਤਰ ਵਿਚ ਕਮੇਟੀ ਦੇ ਚੇਅਰਮੈਨ ਐਡਵੋਕੇਟ ਸੁਰਿੰਦਰ ਸਿੰਘ ਘਰਿਆਲਾ ਅਤੇ ਸੰਗਠਨ ਦੇ ਡਿਪਟੀ ਚੇਅਰਮੈਨ ਕ੍ਰਿਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਦੇਸ ਦੀ ਆਜ਼ਾਦੀ ਤੋਂ ਬਾਅਦ ਵੀ ਸਿੱਖ ਕੌਮ ਨੂੰ ਧਾਰਮਿਕ, ਆਰਥਿਕ ਤੇ ਰਾਜਨੀਤਕ ਆਜ਼ਾਦੀ ਦੇਣ ਦੀ ਬਜਾਇ ਉਨ੍ਹਾਂ ਨੂੰ ਪੂਰੀ ਤਰ੍ਹਾਂ ਗੁਲਾਮ ਬਣਾਉਣ ਲਈ ਸਾਜ਼ਿਸ਼ਾਂ ਰਚੀਆਂ ਗਈਆਂ ਤੇ ਸੰਵਿਧਾਨ ਦੀ ਧਾਰਾ 25 (ਬੀ) ਅਜੇ ਵੀ ਸਿੱਖਾਂ ਨੂੰ ਵੱਖਰੀ ਕੌਮ ਨਹੀਂ) ਮੰਨਦੀ।

ਮਨੁੱਖੀ ਅਧਿਕਾਰਾ ਬਾਰੇ ਆਗੂਆਂ ਨੇ ਦੇਸ ਦੀ ਆਜ਼ਾਦੀ ਵਿਚ ਸਿੱਖਾਂ ਵਲੋਂ ਦੂਜੇ ਵਰਗਾਂ ਨਾਲੋਂ ਪਾਏ ਵੱਧ ਯੋਗਦਾਨ 1984 ਵਿਚ ਦਰਬਾਰ ਸਾਹਿਬ 'ਤੇ ਹੋਏ ਹਮਲੇ, ਅਕਾਲ ਤਖ਼ਤ ਦੇ ਹੋਏ ਨੁਕਸਾਨ, ਪਿਛਲੇ ਦਹਾਕੇ ਦੌਰਾਨ ਪੁਲੀਸ ਵਲੋਂ 25 ਹਜ਼ਾਰ ਵਿਅਕਤੀਆਂ ਨੂੰ ਲਾਪਤਾ ਕਰਨ, ਨਵੰਬਰ, 1984 ਵਿਚ ਦਿੱਲੀ ਅਤੇ ਹੋਰਨਾ ਥਾਵਾਂ 'ਤੇ ਹੋਏ ਸਿੱਖਾਂ ਦੇ ਕਤਲੇਆਮ ਅਤੇ 17 ਸਾਲਾਂ ਬਾਅਦ ਵੀ ਦੋਸ਼ੀਆਂ ਨੂੰ ਸਜ਼ਾ ਨਾ ਮਿਲਣ ਦਾ ਵੇਰਵੇ ਸਹਿਤ ਜ਼ਿਕਰ ਕੀਤਾ ਗਿਆ ਹੈ।

ਉਨ੍ਹਾਂ ਸ੍ਰੀ ਅੱਨਾਨ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਓਹ ਭਾਰਤ ਸਰਕਾਰ 'ਤੇ ਦਬਾਅ ਪਾ ਕੇ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਨਿਰਦੋਸ਼ ਨੌਜਵਾਨਾ ਨੂੰ ਰਿਹਾਅ ਕਰਵਾਉਣ, ਸੰਯੁਕਤ ਰਾਸਟਰ ਸੰਘ ਪੰਜਾਬ ਵਿਚ ਵਿਸੇਸ ਡੈਲੀਗੇਸਨ ਭੇਜ ਕੇ ਸਿੱਖਾਂ ਨਾਲ ਹੋਈਆਂ ਜ਼ਿਆਦਤੀਆਂ ਦੀ ਨਿਰਪੱਖ ਜਾਂਚ ਕਰਵਾਈ ਜਾਵੇ। ਇਹ ਵੀ ਕਿਹਾ ਕਿ ਸਿੱਖ ਨੌਜਵਾਨਾਂ ਦੀ ਕਾਲੀ ਸੂਚੀ ਖਤਮ ਕਰਵਾਈ ਜਾਵੇ ਤੇ ਉਨ੍ਹਾਂ ਨੂੰ ਬਿਨਾਂ ਕਿਸੇ ਰੋਕ-ਟੋਕ ਤੋਂ ਪੰਜਾਬ ਆਉਣ ਦੀ ਆਗਿਆ ਦਿੱਤੀ ਜਾਵੇ।

## ਚੁਰਾਸੀ ਦੇ ਦੰਗਿਆਂ ਬਾਰੇ ਮੁਆਵਜ਼ੇ ਦੀ ਪਟੀਸ਼ਨ ਵਿਚਾਰਨ ਦੀ ਹਦਾਇਤ

ਨਵੀਂ ਦਿੱਲੀ—18 ਮਾਰਚ (ਪੀ. ਟੀ. ਆਈ. )ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਦੰਗਿਆ ਵਿਚ 4400 ਸਿੱਖਾਂ ਦੇ ਮਾਰੇ ਜਾਣ ਤੋਂ ਤਕਰੀਬਨ 17 ਸਾਲਾ ਬਾਅਦ ਸੁਪਰੀਮ ਕੋਰਟ ਨੇ ੧ ਹਾਈ ਕੋਰਟਾ ਨੂੰ ਹਦਾਇਤ ਕੀਤੀ ਹੈ ਕਿ ਉਹ ਉਸ ਪਟੀਸ਼ਨ 'ਤੇ ਵਿਚਾਰ ਕਰਨ, ਜਿਸ ਵਿਚ ਦੋਸ਼ ਲਗਾਇਆ ਗਿਆ ਹੈ ਕਿ ਸੂਬਾਈ ਸਰਕਾਰਾ ਇਸ ਘੱਟ ਗਿਣਤੀ ਭਾਈਚਾਰੇ ਦੀ ਰਾਖੀ ਕਰਨ ਵਿਚ ਨਾਕਾਮ ਰਹੀਆ ਹਨ।

ਆਪਣੇ ਵਕੀਲ ਵਿਜੇ ਪੰਜਵਾਨੀ ਰਾਹੀਂ ਸੁਪਰੀਮ ਕੋਰਟ ਅੱਗੇ ਦਾਇਰ ਕੀਤੀ ਇਕ ਪਟੀਸ਼ਨ ਵਿਚ ਐਸ. ਐਸ. ਆਹਲੂਵਾਲੀਆ ਨੇ ਕਿਹਾ ਕਿ ਦਿੱਲੀ ਹਾਈ ਕੋਰਟ ਨੇ ਦਿੱਲੀ ਦੀ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਉਹ 1984 ਵਿਚ ਹੋਏ ਦੰਗਿਆ ਦੇ ਸ਼ਿਕਾਰ ਲੋਕਾ ਦੇ ਰਿਸ਼ਤੇਦਾਰਾ ਨੂੰ ਦੋ ਲੱਖ ਰੁਪਏ ਮੁਆਵਜ਼ਾ ਦੇਵੇ। ਇਸ ਪਟੀਸ਼ਨ ਰਾਹੀਂ ਸੁਪਰੀਮ ਕੋਰਟ ਤੋਂ ਇਹ ਮੰਗ ਵੀ ਕੀਤੀ ਗਈ ਹੈ ਕਿ ਉਹ ਉਨ੍ਹਾਂ ਸੂਬਿਆ ਨੂੰ ਇਸੇ ਤਰ੍ਹਾਂ ਮੁਆਵਜ਼ਾ ਅਦਾ ਕਰਨ ਦੀ ਹਦਾਇਤ ਕਰੇ, ਜਿਨ੍ਹਾਂ-ਜਿਨ੍ਹਾਂ ਵਿਚ ਇਸ ਤਰ੍ਹਾਂ ਦੀ ਕਤਲੋਗਾਰਤ ਹੋਈ ਸੀ।

ਜਸਟਿਸ ਐਸ. ਰਜਿੰਦਰਾ ਬਾਬੂ ਅਤੇ ਜਸਟਿਸ ਐਸ. ਐਨ. ਫੂਕਨ 'ਤੇ ਆਧਾਰਿਤ ਇਕ ਡਿਵੀਜ਼ਨ ਬੈਂਚ ਨੇ ਇਸ ਪਟੀਸ਼ਨ ਦਾ ਨਿਬੇੜਾ ਕਰਦਿਆ ਕਿਹਾ, "ਸਾਡੇ ਲਈ ਇਹ ਬਹੁਤ ਔਖਾ ਕੰਮ ਹੈ ਕਿ ਅਸੀਂ ਦਿੱਲੀ ਹਾਈ ਕੋਰਟ ਦਾ ਫੈਸਲਾ ਹਰ ਮਾਮਲੇ ਦੇ ਹਾਲਾਤ ਦੀ ਪੜਤਾਲ ਕੀਤੇ ਬਿਨਾ ਸਾਰਿਆ ਸੂਬਿਆਂ ਵਿਚ ਲਾਗੂ ਕਰਨ ਲਈ ਕਹਿ ਦੇਈਏ।"

ਜੱਜਾ ਨੇ ਅੱਗੇ ਕਿਹਾ, "ਇਸ ਲਈ ਸਾਡੇ ਵੱਲੋਂ ਦਿੱਲੀ, ਰਾਜਸਥਾਨ, ਉੜੀਸਾ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ, ਪਟਨਾ, ਮੱਧ ਪ੍ਰਦੇਸ, ਅਲਾਹਾਬਾਦ ਅਤੇ ਮੁੰਬਈ ਦੀਆ ਹਾਈ ਕੋਰਟਾ ਨੂੰ ਇਹ ਹਦਾਇਤ ਕਰਨਾ ਢੁੱਕਵਾ ਹੈ ਕਿ ਉਹ ਇਸ ਪਟੀਸਨ ਵਿਚ ਲਗਾਏ ਗਏ ਦੋਸ਼ਾ ਨਾਲ ਉਸੇ ਤਰ੍ਹਾਂ ਸਿੱਝਣ ਅਤੇ ਇਹ ਸਮਝਣ ਕਿ ਇਹ ਪਟੀਸਨ ਸਬੰਧਤ ਹਾਈ ਕੋਰਟ ਵਿਚ ਦਾਇਰ ਕੀਤੀ ਹੋਈ ਹੈ।"

## ਕੈਪਟਨ ਨੂੰ ਅਕਾਲ ਤਖ਼ਤ 'ਤੇ ਸੱਦਣ ਦੀ ਅਪੀਲ

ਅੰਮ੍ਰਿਤਸਰ, 21 ਮਾਰਚ (ਪੱਤਰ ਪ੍ਰੇਰਕ ਟ੍ਰਿਬਿਊਨ) ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਗ ਕਮੇਟੀ ਦੇ ਮੈਂਬਰ ਜਥੇਦਾਰ ਹਰਬੰਸ ਸਿੰਘ ਮੰਝਪੁਰ ਨੇ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਵਲੋਂ ਪੇਸ਼ ਕੀਤੇ ਗਏ ਪੰਜਾਬ ਦੇ ਬਜਟ ਵਿਚ ਅੰਮ੍ਰਿਤਸਰ ਵਿਚ ਇਕ ਆਧੁਨਿਕ ਬੁੱਚੜਖਾਨਾ ਸਥਾਪਤ ਕੀਤੇ ਜਾਣ, ਤੇ ਸਖਤ ਪ੍ਰਤੀਕਰਮ ਪ੍ਰਗਟ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਕੈਪਟਨ ਕੰਵਲਜੀਤ ਸਿੰਘ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ।

ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਜਥੇਦਾਰ ਮੰਝਪੁਰ ਨੇ ਕਿਹਾ ਕਿ ਅੰਮ੍ਰਿਤਸਰ ਪਵਿੱਤਰ ਸ਼ਹਿਰ ਹੈ ਜਿਸ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਅਈ ਸਕਰਾਰ ਨੂੰ ਯਤਨ ਕਰਨੇ ਚਾਹੀਦੇ ਹਨ।



www.AKJ.Org

# ਆਉਣ ਵਾਲੇ ਕੀਰਤਨ ਸ਼ਮਾਗਮ

**ਪਿੰਡ ਕੁਰਾਲਾ ਭਾਈ ਅਵਤਾਰ ਸਿੰਘ ਜੀ ਦੀ ਯਾਦ ਵਿਚ ਅਖੰਡ ਕੀਰਤਨ ਸਮਾਗਮ**

ਪਿੰਡ ਕੁਰਾਲਾ ਕਲਾਂ ਵਿਖੇ 1978 ਦੇ ਸ਼ਹੀਦ ਭਾਈ ਅਵਤਾਰ ਸਿੰਘ ਦੇ ਗ੍ਰਿਹ 7 ਅਪ੍ਰੈਲ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦਿਵਸ ਸੁਹੇਲਾ ਅਤੇ ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ।

**ਭਾਈ ਸੂਰਤ ਸਿੰਘ (ਪੂਰਨ ਜੀ) ਦੇ ਢਾਡੀ ਬੱਚਿਆਂ ਦੀ ਯਾਦ ਵਿਚ ਅੰਮ੍ਰਿਤਸਰ ਵਿਖੇ ਕੀਰਤਨ**

ਗੁ: ਅਜੀਤ ਨਗਰ ਵਿਖੇ 8 ਅਪ੍ਰੈਲ ਐਤਵਾਰ ਸਵੇਰੇ 6 ਵਜੇ ਤੋਂ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

## 11 ਤੋਂ 14 ਅਪ੍ਰੈਲ ਵੈਸਾਖੀ ਦੇ ਸਮਾਗਮ ਸਾਹਮਣੇ ਪੰਨੇ ਤੇ ਦੇਖੋ ਜੀ

**ਪਿੰਡ ਪ੍ਰੇਮਪੁਰ, ਨੇੜੇ ਉੜਮੁੜ ਟਾਂਡਾ ਵਿਖੇ ਰੈਣਿ ਸਬਾਈ ਕੀਰਤਨ**

ਭਾਈ ਭੋਲਾ ਸਿੰਘ ਦੇ ਗ੍ਰਿਹ 21 ਅਪ੍ਰੈਲ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

**ਮੋਹਾਲੀ ਵਿਖੇ ਰੈਣਿ ਸਬਾਈ ਕੀਰਤਨ**

ਗੁ: ਸਾਹਿਬ ਸੈਕਟਰ 4 ਮੋਹਾਲੀ ਵਿਖੇ 21 ਅਪ੍ਰੈਲ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

**ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 28 ਅਪ੍ਰੈਲ ਰਾਤ ਨੂੰ**

**ਸਮਾਣਾ( ਪਟਿਆਲਾ) ਵਿਖੇ ਅਖੰਡ ਕੀਰਤਨ ਸਮਾਗਮ**

27-4-2001 ਸ਼ਾਮ 7 ਤੋਂ 9 ਸੋਦਰ ਅਤੇ ਕੀਰਤਨ ਗੁ: ਥੜਾ ਸਾਹਿਬ (ਪਾ: ੯ਵੀਂ)

28-4-2001 ਸਵੇਰੇ ਕੀਰਤਨ 5 ਤੋਂ 8 ਗੁ: ਭਗਤ ਬਾਬਾ ਨਾਮਦੇਵ ਜੀ ਅਤੇ ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਭਗਤ ਨਾਮਦੇਵ ਜੀ।

**ਧੂਰੀ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ 19 ਮਈ ਰਾਤ ਨੂੰ**

ਗੁ: ਨਾਨਕਸਰ ਨੇੜੇ ਵੀਨਸ ਗੈਸ ਏਜੰਸੀ ਵਿਖੇ 19 ਮਈ ਸ਼ਨਿਚਰਵਾਰ ਰੈਣਿ ਸਬਾਈ ਕੀਰਤਨ ਸਜਣਗੇ।

## ਪਾਉਂਟਾ ਸਾਹਿਬ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗਰਮੀਆ ਦੀਆਂ ਛੁੱਟੀਆ ਵਿੱਚ 22 ਤੋਂ 25 ਜੂਨ ਤੱਕ ਪਾਉਂਟਾ ਸਾਹਿਬ ਵਿਖੇ ਕੀਰਤਨ ਸਮਾਗਮ ਹੋਣਗੇ। ਵੇਰਵਾ ਆਉਂਦੇ ਪਰਚੇ ਵਿਚ।

### ਅੰਮ੍ਰਿਤ ਕੀਰਤਨ ਪੋਥੀ ਵਿਚ ਕੁਝ ਛਪਾਈ ਦੀਆਂ ਗਲਤੀਆਂ

| ਪੋਥੀ ਪੰਨਾ | ਸ਼ਬਦ | | ਗਲਤੀ | ਸ਼ੁਧ |
|---|---|---|---|---|
| 202 | ਨਾਰਾਇਨ ਨਰਪਤਿ | | ਕਿਛੁ | ਕਛੁ |
| 422 | ਕੋ ਬਨਜਾਰੋ ਰਾਮ ਕੋ | | ਬਾਪਾਰਿ | ਬ੍ਯਾਪਾਰਿ |
| 913 | ਸੇਈ ਸੁੰਦਰ ਸੋਹਣੇ | | ਸੰਗੇ | ਸੰਗਿ |
| 829 | ਹਰਿ ਜਨ ਦੇਖਹੁ | | ਚਿਤੈ | ਚਿਤਿ |
| 905 | ਕੋਈ ਐਸੋ ਰੇ ਭੇਟੈ | | (ਰਿ) ਨਹੀ ਹੈ | ਰੇ |
| 698 | ਗੁਰਿਪੂਰੇ ਚਰਨੀ ਲਾਇਆ | | ਕਰਿ | ਕਰੇ |
| 734 | ਧਾਵਉ ਦਸਾ ਅਨੇਕ | | ਧਾਈਐ | ਧਾੑਈਐ |
| 737 | ਪਾਪੀ ਹੀਐ ਮੈ | 1. | ਮਹਿ | ਮੈ |
| | | 2. | ਹੀਅ | ਹੀਐ |
| | | 3. | ਜਿਹ ਜਿਹ | ਜਿਹਿ ਜਿਹਿ |
| | | 4. | ਸੇ | ਤੇ |

ਨੋਟ : ਵਿਚਾਰਵਾਨ ਪਾਠਕਾ ਦੇ ਜੇ ਇਸ ਤਰ੍ਹਾਂ ਦੀਆਂ ਕੁਝ ਹੋਰ ਗਲਤੀਆ ਧਿਆਨ ਵਿਚ ਆਈਆਂ ਹੋਣ ਤਾ ਕ੍ਰਿਪਾ ਕਰਕੇ ਉਹ ਲਿਖ ਭੇਜੋ ਜੀ। ਤਾਂਕਿ ਸੰਗਤਾ ਨੂੰ ਉਸ ਬਾਰੇ ਜਾਣਕਾਰੀ ਦਿੱਤੀ ਜਾ ਸਕੇ।



www.AKJ.Org

# ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਦੇ ਅਖੰਡ ਕੀਰਤਨ ਸਮਾਗਮ

**ਜ਼ਰੂਰੀ ਸੂਚਨਾ ਅਤੇ ਬੇਨਤੀ– ਬੜੇ ਦੁੱਖ ਦੀ ਗੱਲ ਹੈ ਇਸ ਵਾਰ ਭਰਪੂਰ ਕੋਸ਼ਿਸ਼ਾਂ ਦੇ ਬਾਵਜੂਦ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵੈਸਾਖੀ ਦੇ ਮੌਕੇ ਤੇ ਅਲੱਗ ਅਲੱਗ ਵੇਰਵੇ ਅਨੁਸਾਰ ਤਿੰਨ ਸਮਾਗਮ ਮਿੱਥੇ ਹੋਏ ਹਨ। ਨਾ ਚਾਹੁੰਦੇ ਹੋਏ ਵੀ ਮਜ਼ਬੂਰੀ ਵੱਸ ਅਸੀਂ ਤਿੰਨੇ ਸਮਾਗਮ ਛਾਪ ਰਹੇ ਹਾਂ। ਤਿੰਨਾਂ ਧਿਰਾਂ ਦੇ ਆਗੂਆਂ ਪਾਸ ਸਾਡੀ ਗਲ ਇਚ ਪੱਲਾ ਪਾ ਕੇ ਅਰਜੋਈ ਹੈ ਕਿ ਉਹ ਕਿਸੇ ਵੀ ਤਰ੍ਹਾਂ ਇਹ ਸਮਾਗਮ ਇਕੱਠੇ ਰਲ ਕੇ ਇਕੋ ਹੀ ਥਾਂ ਤੇ ਮਨਾਉਣ।**

11 ਅਪ੍ਰੈਲ ੨001 ਸਵੇਰੇ 5 ਤੋਂ 8 ਸ੍ਰੀ ਆਸਾ ਕੀ ਵਾਰ ਗੁ: ਬਿਬੇਕਸਰ ਸਾਹਿਬ ਵਿਖੇ।
ਸ਼ਾਮ ਸੋਦਰ ਚੌਂਕੀ ਅਤੇ ਕੀਰਤਨ ਗੁ: ਬਾਬਾ ਦੀਪ ਸਿੰਘ ਸ਼ਹੀਦ ਗੰਜ ਵਿਖੇ।
1੨ ਅਪ੍ਰੈਲ ੨001 ਸਵੇਰੇ 6 ਤੋਂ 11 ਕੀਰਤਨ ਗੁ: ਰਾਮਸਰ ਸਾਹਿਬ ਵਿਖੇ।
ਸ਼ਾਮ ਸੋਦਰ ਚੌਂਕੀ ਅਤੇ ਕੀਰਤਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ।
13 ਅਪ੍ਰੈਲ ੨001 ਸਵੇਰੇ ਸ੍ਰੀ ਆਸਾ ਕੀ ਵਾਰ ਉਪ੍ਰੰਤ ਕੀਰਤਨ ਦੁਪਹਿਰ ਤੱਕ ਗੁ: ਬਿਬੇਕਸਰ ਸਾਹਿਬ ਵਿਖੇ।
ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਬਿਬੇਕਸਰ ਸਾਹਿਬ ਵਿਖੇ।
ਅੰਮ੍ਰਿਤ ਸੰਚਾਰ :- 13 ਅਪ੍ਰੈਲ ਸ਼ਾਮ 7 ਵਜੇ ਅੰਮ੍ਰਿਤ ਸੰਚਾਰ ਆਰੰਭ ਹੋਣਗੇ।
ਰਿਹਾਇਸ਼ ਤੇ ਲੰਗਰ :- ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਅਤੇ ਗੁਰੂ ਰਾਮ ਦਾਸ ਸੀਨੀਅਰ ਸੈਕੰਡਰੀ ਸਕੂਲ ਰਾਮਸਰ ਰੋਡ ਵਿਖੇ ਹੋਵੇਗਾ। ਪੁੱਛਗਿਛ :- ਭੁਪਿੰਦਰ ਸਿੰਘ ਅੰਮ੍ਰਿਤਸਰ ਫੋਨ ੨੨0੨77

11-4-੨001 ਸਵੇਰੇ ਤਿੰਨ ਪਹਿਰਾ ਅਤੇ ਆਸਾ ਕੀ ਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ਼ਹੀਦ ਗੰਜ ਮੈਮੋਰੀਅਲ ਸਕੂਲ ਬੀ ਬਲਾਕ ਵਿਖੇ ੯ ਵਜੇ।
1੨-4-੨001 ਸ਼ਾਮ ਬਰਾਡਕਾਸਟਿੰਗ ਅਤੇ ਸੋਦਰ ਦੀ ਚੌਂਕੀ ਹਰਿਮੰਦਰ ਸਾਹਿਬ ਵਿਖੇ।
13-4-੨001 ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਬੀ ਬਲਾਕ ਸਕੂਲ ਵਿਖੇ ਉਪ੍ਰੰਤ ਦੁਪਹਿਰ ਤੱਕ ਕੀਰਤਨ ਗੁ: ਪਿਪਲੀ ਸਾਹਿਬ ਵਿਖੇ।
ਸ਼ਾਮ ਰੈਣਿ ਸਬਾਈ ਕੀਰਤਨ ਆਰੰਭ 7 ਵਜੇ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਖੇ।
ਅੰਮ੍ਰਿਤ ਸੰਚਾਰ - 13 ਅਪ੍ਰੈਲ ਸ਼ਾਮ 7 ਵਜੇ ਗੁ: ਸ਼ਹੀਦ ਗੰਜ ਮੈਮੋਰੀਅਲ ਸਕੂਲ ਬੀ ਬਲਾਕ ਵਿਖੇ ਅੰਮ੍ਰਿਤ ਸੰਚਾਰ ਆਰੰਭ ਹੋਣਗੇ।
ਰਿਹਾਇਸ਼ ਤੇ ਲੰਗਰ - ਸ਼ਹੀਦ ਗੰਜ ਮੈਮੋਰੀਅਲ ਸਕੂਲ ਬੀ ਬਲਾਕ ਵਿਖੇ।

11-4-੨001 ਸਵੇਰੇ 6 ਵਜੇ ਗੁ: ਅੰਗੀਠਾ ਸਾਹਿਬ (ਸਾਹਮਣੇ ਰਾਮਸਰ ਸਾਹਿਬ) ਵਿਖੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ 11 ਵਜੇ ਤੱਕ
ਸ਼ਾਮ 4-੨0 ਤੋਂ ਰਾਤ 10 ਵਜੇ ਤੱਕ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ।
1੨-4-੨001 ਸਵੇਰੇ 7-30 ਤੋਂ 1੨ ਕੀਰਤਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ।
ਸ਼ਾਮ 6 ਤੋਂ ੯ ਕੀਰਤਨ ਗੁ: ਗੁਰੂ ਕੇ ਮਹਿਲ ਵਿਖੇ।
13-4-੨001 ਸਵੇਰੇ 7 ਤੋਂ ਦੁਪਹਿਰ ਤੱਕ ਕੀਰਤਨ ਸ੍ਰੀ ਰਾਮਸਰ ਸਾਹਿਬ ਵਿਖੇ।
ਸ਼ਾਮ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਸ੍ਰੀ ਰਾਮਸਰ ਸਾਹਿਬ ਦੇ ਪਿਛੇ ਗਰਾਊਂਡ ਵਿਚ।
ਅੰਮ੍ਰਿਤ ਸੰਚਾਰ–13 ਅਪ੍ਰੈਲ ਸ਼ਾਮ 8 ਵਜੇ ਗੁ: ਅੰਗੀਠਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ।
ਰਿਹਾਇਸ਼ ਤੇ ਲੰਗਰ :- ਗੁਰੂ ਰਾਮਦਾਸ ਸੀ: ਸੈਕੰਡਰੀ ਸਕੂਲ ਅਤੇ ਗੁਰੂ ਨਾਨਕ ਕੰਨਿਆ ਪਾਠਸ਼ਾਲਾ ਵਿਖੇ।

*ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਸੂਰਾ ਸਹਾਇਤਾ ਫੰਡ ਵਿਚ ਵੱਧ ਤੋਂ ਵੱਧ ਮਾਇਆ ਭੇਜ ਕੇ ਇਸ ਗੁਰ ਸ਼ਬਦ ਦੇ ਲੰਗਰ ਨੂੰ ਨਿਰਵਿਘਨ ਜ਼ਾਰੀ ਰੱਖਣ ਵਿਚ ਸਹਾਈ ਹੋਵੋ ਜੀ।*

www.AKJ.Org

R.N.I. No. 12245/66 SURA-APRIL 2001 P.O. Regd. No. PB/0169/2001



ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੇ ਜੋੜ ਮੇਲੇ ਤੇ ਅਖੰਡ ਕੀਰਤਨੀ ਜੱਥੇ ਦੇ ਸਿੰਘ ਅਤੇ ਬੀਬੀਆਂ ਗਤਕੇ ਦੇ ਜੌਹਰ ਵਿਖਾਉਂਦੇ ਹੋਏ।

ਫੋਟੋ : ਕਰਨ ਸਿੰਘ, ਪੰਜਾਬੀ ਟ੍ਰਿਬਿਊਨ

SURA (Monthly) Kothi No. 12, Block-1. BHAI RANDHIR SINGH NAGAR, LUDHIANA-141 004

www.AKJ.Org